ੴ ਸਤਿਗੁਰਪ੍ਰਸਾਦਿ ॥

ਸੱਦ ਸਟੀਕ

ਪ੍ਰੋਫੈਸਰ ਸਾਹਿਬ ਸਿੰਘ

੧ੴ ਸਤਿਗੁਰਪ੍ਰਸਾਦਿ ॥

ਪਿੰਡ ਪਤਲਿ ਕਿਰਿਆ ਦੀਵਾ
ਫੁਲ ਹਰਿ ਸਰਿ ਪਾਵਏ ॥

ਸੱਦ ਸਟੀਕ

ਲੇਖਕ :

ਪ੍ਰੋਫ਼ੈਸਰ ਸਾਹਿਬ ਸਿੰਘ
ਡੀ.ਲਿਟ.

ਸਿੰਘ ਬ੍ਰਦਰਜ਼
ਅੰਮ੍ਰਿਤਸਰ

ISBN 81-7205-185-9

ਪਹਿਲੀ ਵਾਰ 1935
ਨਵੇਂ ਰੂਪ ਵਿਚ
ਦਸਵੀਂ ਵਾਰ ਮਈ 1997
ਗਿਆਰਵੀਂ ਵਾਰ ਮਈ 2008

ਮੁੱਲ : 8-00 ਰੁਪਏ

ਪ੍ਰਕਾਸ਼ਕ :

ਸਿੰਘ ਬ੍ਰਦਰਜ਼

•

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ - 143 006

•

S.C.O. 223-24, ਸਿਟੀ ਸੈਂਟਰ, ਅੰਮ੍ਰਿਤਸਰ - 143 001

E-mail : singhbro@vsnl.com
Website : www.singhbrothers.com

ਛਾਪਕ :

ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ

ਮੁਖ-ਬੰਧ

ਸੰਨ ੧੯੩੫ ਵਿਚ ਸਿਖ ਐਜੂਕੇਸ਼ਨਲ ਕਾਨਫ਼ਰੰਸ ਦਾ ਸਮਾਗਮ ਗੁਜਰਾਂਵਾਲੇ ਵਿਖੇ ਹੋਇਆ। ਉਥੇ ਕਾਨਫ਼ਰੰਸ ਦੇ ਪੰਡਾਲ ਵਿਚ ਮੈਨੂੰ ਗੁਰਬਾਣੀ ਵਿਆਕਰਨ ਬਾਰੇ ਆਪਣੇ ਖ਼ਿਆਲ ਪਰਗਟ ਕਰਨ ਦਾ ਮੌਕਾ ਮਿਲਿਆ। ਅਖ਼ਬਾਰਾਂ ਦੇ ਪ੍ਰਤੀਨਿਧ ਭੀ ਮੌਜੂਦ ਸਨ। ਮੈਂ ਵਿਆਕਰਣ ਦੀ ਵਿਆਖਿਆ ਸਮੇ 'ਸਦੁ' ਦੀ ਪੰਜਵੀਂ ਪਉੜੀ ਦਾ ਹਵਾਲਾ ਭੀ ਦਿੱਤਾ। ਮਾਸਕ-ਪਤ੍ਰ 'ਅੰਮ੍ਰਿਤ' ਦੇ ਐਡੀਟਰ ਸ: ਗੰਗਾ ਸਿੰਘ ਜੀ ਨੇ ਮੈਨੂੰ ਸਮਾਗਮ ਤੋਂ ਪਿਛੋਂ ਕਿਹਾ ਕਿ ਮੈਂ ਉਸ ਸਾਰੀ ਬਾਣੀ ਦੀ ਵਿਆਖਿਆ ਵਿਆਕਰਣ ਅਨੁਸਾਰ ਲਿਖ ਕੇ ਕਿਤਾਬੀ ਸ਼ਕਲ ਵਿਚ ਪੇਸ਼ ਕਰਾਂ। 'ਅੰਮ੍ਰਿਤ' ਦਾ ਆਪਣਾ ਪ੍ਰੈਸ ਸੀ। ਉਹਨਾਂ ਮੇਰਾ ਉਹ ਟ੍ਰੈਕਟ 'ਰੱਬੀ ਸੱਦਾ' ਛਾਪ ਦਿੱਤਾ।

ਉਹ ਟ੍ਰੈਕਟ 'ਰੱਬੀ ਸੱਦਾ' ਕਈ ਸਾਲਾਂ ਤੋਂ ਖ਼ਤਮ ਸੀ। ਹੋਰ ਹੋਰ ਟੀਕਿਆਂ ਤੇ ਲੇਖਾਂ ਅਤੇ ਪੁਸਤਕਾਂ ਦੇ ਰੁਝੇਵੇਂ ਆਦਿ ਕਰਕੇ ਮੈਂ ਇਸ ਨੂੰ ਦੂਜੀ ਵਾਰੀ ਛਪਵਾ ਨਾ ਸਕਿਆ।

ਪੁਸਤਕ ਦੀ ਦੂਜੀ ਛਾਪ ਦਸੰਬਰ ੧੯੫੩ ਵਿਚ ਛਪੀ। ਉਸ ਦੀ ਅੰਦਰਲੀ ਸ਼ਕਲ ਬਹੁਤ ਕੁਝ ਬਦਲਾ ਦਿੱਤੀ ਗਈ।

ਤੀਜੀ ਛਾਪ 'ਸਿੰਘ ਬ੍ਰਦਰਜ਼' ਵਲੋਂ ੧੯੬੬ ਵਿਚ ਛਪੀ ਸੀ ਤੇ ਪਾਠਕਾਂ ਦੀ ਮਿਲਵਰਤਣ ਨਾਲ ਹੁਣ ਚੌਥੀ ਛਾਪ ਉਹ ਛਾਪ ਰਹੇ ਹਨ। ਸਤਿਗੁਰੂ ਪਾਤਸ਼ਾਹ ਦੀ ਇਸ ਬਖ਼ਸ਼ਸ਼ ਲਈ ਧੰਨਵਾਦ!

ਦਾਸ

ਸਾਹਿਬ ਸਿੰਘ

C/o. ਡਾ. ਦਲਜੀਤ ਸਿੰਘ M.S.
Asst. Professor

੪੯੪ ਅਜੀਤ ਨਗਰ,
ਨਵਾਂ ਪਟਿਆਲਾ
ਮਾਰਚ ੧੯੭੦

ਹਿੰਦੂ ਮਤ ਅਨੁਸਾਰ ਅੰਤਮ ਸੰਸਕਾਰ

ਜਦੋਂ ਕਿਸੇ ਹਿੰਦੂ-ਘਰ ਵਿਚ ਕੋਈ ਪ੍ਰਾਣੀ ਮਰਨ ਲੱਗਦਾ ਹੈ ਤਾਂ ਉਸ ਦੇ ਪੁੱਤਰ ਇਸਤ੍ਰੀ ਆਦਿਕ ਵਾਰਸ ਸ਼ਾਸਤ੍ਰਾਂ ਦੀ ਦੱਸੀ ਮਰਯਾਦਾ ਅਨੁਸਾਰ ਉਸ ਨੂੰ ਮੰਜੇ ਤੋਂ ਹੇਠਾਂ ਲਾਹ ਲੈਂਦੇ ਹਨ। ਭੁੰਞੇ ਦੱਭ ਵਿਛਾ ਕੇ ਉਸ ਉਤੇ ਕਪੜਾ ਆਦਿਕ ਵਿਛਾ ਦੇਣ ਦੀ ਮਰਯਾਦਾ ਹੈ। ਉਸ ਦੇ ਹੱਥ ਦੀ ਤਲੀ ਉਤੇ ਆਟੇ ਦਾ ਦੀਵਾ ਰੱਖ ਕੇ ਜਗਾ ਦੇਂਦੇ ਹਨ, ਤੇ ਦੀਵੇ ਵਿਚ ਬ੍ਰਾਹਮਣ ਦੀ ਭੇਟਾ ਲਈ ਸਮਰਥਾ ਅਨੁਸਾਰ ਅਠਿਆਨੀ, ਰੁਪਿਆ ਆਦਿਕ ਚਾਂਦੀ ਸੋਨੇ ਦਾ ਸਿੱਕਾ ਪਾ ਦੇਂਦੇ ਹਨ। ਇਸ ਮਰਯਾਦਾ ਦਾ ਭਾਵ ਉਹ ਇਹ ਸਮਝਦੇ ਹਨ ਕਿ ਮਰਨ ਵਾਲੇ ਪ੍ਰਾਣੀ ਦੀ ਆਤਮਾ ਨੇ ਅਗਾਂਹ ਬੜੇ ਹਨੇਰੇ ਪੈਂਡਿਆਂ ਵਿਚੋਂ ਦੀ ਲੰਘਣਾ ਹੈ, ਜਿਥੇ ਰਾਹ-ਖਹਿੜਾ ਵੇਖਣ ਲਈ ਉਸ ਨੂੰ ਚਾਨਣ ਦੀ ਲੋੜ ਪੈਂਦੀ ਹੈ। ਮਰਨ ਵੇਲੇ ਉਸ ਦੀ ਤਲੀ ਉਤੇ ਰੱਖਿਆ ਹੋਇਆ ਦੀਵਾ ਉਸ ਨੂੰ ਪਰਲੋਕ ਦੇ ਪੈਂਡਿਆਂ ਵਿਚ ਚਾਨਣ ਦੇਂਦਾ ਹੈ।

ਜਦੋਂ ਆਦਮੀ ਮਰ ਜਾਂਦਾ ਹੈ, ਤਾਂ ਉਸ ਦੇ ਸਰੀਰ ਦਾ ਸਸਕਾਰ ਕਰਨ ਤੋਂ ਪਹਿਲਾਂ ਜਵਾਂ ਦੇ ਆਟੇ ਦੇ ਪੇੜੇ ਪੱਤਲਾਂ ਉਤੇ ਰੱਖ ਕੇ ਮਣਸੇ ਜਾਂਦੇ ਹਨ। ਬ੍ਰਾਹਮਣ ਪੁਰਾਣ ਆਦਿਕ ਦੇ ਮੰਤ੍ਰ ਪੜ੍ਹਦਾ ਹੈ। ਸੂਰਜ ਵਲ ਮੂੰਹ ਕਰ ਕੇ ਪਾਣੀ ਦੀਆਂ ਚੁਲੀਆਂ ਭੀ ਭੇਟਾ ਕੀਤੀਆਂ ਜਾਂਦੀਆਂ ਹਨ। ਇਹ ਉਸ ਵਿਛੜੀ ਰੂਹ ਲਈ ਖ਼ੁਰਾਕ ਭੇਜੀ ਜਾਂਦੀ ਹੈ।

ਘਰੋਂ ਤੁਰ ਕੇ ਮਸਾਣਾਂ ਤੋਂ ਉਰੇ ਅੱਧਵਾਟੇ (ਅੱਧ-ਮਾਰਗੇ) ਮਿਰਤਕ ਦਾ ਫੱਟਾ ਭੁੰਞੇ ਰੱਖ ਦਿੱਤਾ ਜਾਂਦਾ ਹੈ। ਘਰੋਂ ਤੁਰਨ ਲਗਿਆਂ ਮਿੱਟੀ ਦਾ ਇਕ ਕੋਰਾ ਭਾਂਡਾ ਨਾਲ ਲੈ ਲੈਂਦੇ ਹਨ। ਉਸ ਅੱਧ-ਮਾਰਗ 'ਤੇ ਉਹ ਭਾਂਡਾ ਭੰਨ ਦੇਂਦੇ ਹਨ, ਅਤੇ ਮਰੇ ਪ੍ਰਾਣੀ ਦਾ ਪੁੱਤਰ ਆਦਿਕ ਬਹੁਤ ਉੱਚੀ ਡਰਾਉਣੀ ਆਵਾਜ਼ ਵਿਚ ਢਾਹ ਮਾਰਦਾ ਹੈ। ਇਸ ਰਸਮ ਦੇ ਹੇਠ ਖ਼ਿਆਲ ਇਹ ਹੈ ਕਿ ਮਿਰਤਕ ਦੀ ਆਤਮਾ ਸਰੀਰਕ ਮੋਹ ਕਰਕੇ ਅਜੇ ਉਸ ਮੁਰਦੇ ਦੇ ਦੁਆਲੇ ਹੀ ਭੌਂਦੀ ਫਿਰਦੀ ਹੈ। ਇਸ ਭਿਆਨਕ ਢਾਹ ਨਾਲ ਉਸ ਨੂੰ ਡਰਾਂਦੇ ਹਨ ਕਿ ਚਲੀ ਜਾਏ।

ਸਸਕਾਰ ਕਰਨ ਵੇਲੇ ਬ੍ਰਾਹਮਣ ਫਿਰ ਕੁਝ ਮੰਤ੍ਰ ਪੜ੍ਹਦਾ ਹੈ। ਸਸਕਾਰ ਤੋਂ ਪਿਛੋਂ ਬਚ ਰਹੀਆਂ ਹੱਡੀਆਂ (ਅਸਥੀਆਂ) ਹਰਿਦੁਆਰ ਗੰਗਾ ਨਦੀ ਵਿਚ ਪਾਈਆਂ ਜਾਂਦੀਆਂ ਹਨ। ਹਿੰਦੂ-ਖ਼ਿਆਲ ਅਨੁਸਾਰ ਜਿਸ ਦੀਆਂ ਅਸਥੀਆਂ ਗੰਗਾ ਵਿਚ ਨਾ ਪੈਣ, ਉਸ ਦੀ ਗਤੀ ਨਹੀਂ ਹੁੰਦੀ।

ਮਰਨ ਪਿੱਛੋਂ ੧੩ ਦਿਨਾਂ ਤਕ ਹਰੇਕ ਪ੍ਰਾਣੀ ਦੀ ਆਤਮਾ ਪ੍ਰੇਤ ਬਣੀ ਰਹਿੰਦੀ ਹੈ, ਅਤੇ ਆਪਣੇ ਛੱਡੇ ਘਰਾਂ ਦੇ ਦੁਆਲੇ ਹੀ ਭੌਂਦੀ ਫਿਰਦੀ ਹੈ। ਜਿਨ੍ਹਾਂ ਦਾ ਕੋਈ ਮਰਦਾ ਹੈ ਉਹਨਾਂ ਦੇ ਘਰ,ਸ਼ਰੀਕੇ ਬਰਾਦਰੀ ਦੇ ਘਰਾਂ ਵਿਚੋਂ ਜ਼ਨਾਨੀਆਂ ਮਰਦ ਰਾਤ ਨੂੰ ਆ ਕੇ ਸੌਂਦੇ ਹਨ। ਸਵੇਰੇ ਪਹਿਰ ਰਾਤ ਰਹਿੰਦੀ ਹੀ ਮਰੇ ਪ੍ਰਾਣੀ ਦਾ ਪੁੱਤਰ ਆਦਿਕ ਉੱਠ ਕੇ ਢਾਹ ਮਾਰਦਾ ਹੈ। ੧੩ ਦਿਨ ਹਰ ਸਵੇਰ ਇਹੀ ਕੁਝ ਹੁੰਦਾ ਹੈ। ਇਹ ਭੀ ਮਿਰਤਕ ਦੀ ਆਤਮਾ ਨੂੰ ਡਰਾਣ ਵਾਸਤੇ ਕੀਤਾ ਜਾਂਦਾ ਹੈ। (*ਨੋਟ:* ਜਿਉਂ ਜਿਉਂ ਲੋਕ ਵਿਦਿਆ ਦੇ ਚਾਨਣ ਵਿਚ ਸਿਆਣੇ ਹੁੰਦੇ ਜਾ ਰਹੇ ਹਨ, ਇਹ ਢਾਹਾਂ ਮਾਰਨ ਵਾਲੀ ਰਸਮ ਹਟਦੀ ਜਾ ਰਹੀ ਹੈ)।

ਤੇਰ੍ਹਵੇਂ ਦਿਨ ਮਿਰਤਕ ਦੀ ਕਿਰਿਆ ਕੀਤੀ ਜਾਂਦੀ ਹੈ। ਅਚਾਰਜ ਆ ਕੇ ਇਹ ਰਸਮ ਕਰਾਂਦਾ ਹੈ। ਇਹ ਮਰਯਾਦਾ ਵਿਛੜੀ ਆਤਮਾ ਨੂੰ ਪ੍ਰੇਤ-ਜੂਨ ਵਿਚੋਂ ਕੱਢ ਕੇ ਪਿਤਰ-ਲੋਕ ਤਕ ਅਪੜਾਣ ਵਾਸਤੇ ਕੀਤੀ ਜਾਂਦੀ ਹੈ। ਸ਼ਾਸਤ੍ਰਾਂ ਅਨੁਸਾਰ ਖ਼ਿਆਲ ਇਹ ਬਣਿਆ ਹੋਇਆ ਹੈ ਕਿ ਪਿਤਰ-ਲੋਕ ਅੱਪੜਨ ਲਈ ੩੬੦ ਦਿਨ ਲੱਗਦੇ ਹਨ। ਪੈਂਡਾ ਹੈ ਅਣਡਿੱਠਾ ਤੇ ਹਨੇਰਾ। ਇਸ ਵਾਸਤੇ ਕਿਰਿਆ ਕਰਨ ਵੇਲੇ ੩੬੦ ਦੀਵੇ ਵੱਟੀਆਂ ਤੇ ਲੋੜੀਂਦਾ ਤੇਲ ਲਿਆ ਕੇ ਰੱਖ ਦੇਂਦੇ ਹਨ। ਜਦੋਂ ਵੇਦ-ਮੰਤ੍ਰ ਆਦਿਕ ਪੜ੍ਹਨ ਦੀ ਸਾਰੀ ਰਸਮ ਹੋ ਚੁਕਦੀ ਹੈ, ਤਾਂ ਉਹ ਵੱਟੀਆਂ ਇਕੱਠੀਆਂ ਹੀ ਤੇਲ ਵਿਚ ਭਿਉਂ ਕੇ ਬਾਲ ਦਿੱਤੀਆਂ ਜਾਂਦੀਆਂ ਹਨ, ਅਤੇ ਇਸ ਤਰ੍ਹਾਂ ਮਰੇ ਪ੍ਰਾਣੀ ਨੂੰ ਪਿਤਰ-ਲੋਕ ਦੇ ਲੰਮੇ ਪੈਂਡੇ ਵਿਚ ੩੬੦ ਦਿਨ ਚਾਨਣ ਮਿਲਦਾ ਰਹਿੰਦਾ ਹੈ। ਇਹਨਾਂ ਇਕੱਠੇ ਬਾਲੇ ਦੀਵਿਆਂ ਤੋਂ ਇਲਾਵਾ ਭੀ ਛਨਿੱਛਰ ਦੇਵਤੇ ਦੇ ਮੰਦਰ ਵਿਚ ਸਾਲਾਂ ਭਰ ਹਰ ਰੋਜ਼ ਦੀਵੇ ਜਗਾਣ ਲਈ ਤੇਲ ਭੇਜਿਆ ਜਾਂਦਾ ਹੈ। ਕਿਰਿਆ ਵਾਲੇ ਦਿਨ ਭੀ ਵਿਛੜੀ ਰੂਹ ਦੀ ਖ਼ੁਰਾਕ ਵਾਸਤੇ ਪਿੰਡ ਭਰਾਏ ਜਾਂਦੇ ਹਨ, ਕਿਰਿਆ ਵਾਲੇ ਦਿਨ ਤੋਂ ਲੈ ਕੇ ਇਕ ਸਾਲ ਹਰ ਰੋਜ਼ ਬ੍ਰਾਹਮਣ ਨੂੰ ਭੋਜਨ ਖੁਆਇਆ ਜਾਂਦਾ ਹੈ।

ਨੋਟ: ਸਸਕਾਰ ਕਰਨ ਤੋਂ ਪਿਛੋਂ ਕਿਰਿਆ ਵਾਲੇ ਦਿਨ ਤਕ ਗਰੁੜ ਪੁਰਾਣ ਦੀ ਕਥਾ ਭੀ ਕਰਾਈ ਜਾਂਦੀ ਹੈ। ਆਮ ਤੌਰ 'ਤੇ ਤਾਂ ਬ੍ਰਾਹਮਣ ਨੂੰ ਬੇਨਤੀ ਕ੍ਰੀਤੀ ਜਾਂਦੀ ਹੈ ਕਿ ਆਪਣੇ ਘਰ ਬੈਠ ਕੇ ਹੀ ਗਰੁੜ ਪੁਰਾਣ ਦਾ ਪਾਠ ਕਰੀ ਜਾਣ।

ਵਰ੍ਹੇ ਪਿਛੋਂ ਮਰਨ ਦੀ ਥਿੱਤ ਉਤੇ ਹੀ ਵਰ੍ਹੀਣਾ ਕੀਤਾ ਜਾਂਦਾ ਹੈ। ਖ਼ੁਰਾਕ ਦੇ ਇਲਾਵਾ ਵਿਛੜੇ ਪ੍ਰਾਣੀ ਵਾਸਤੇ ਭਾਂਡੇ ਬਸਤਰ ਆਦਿਕ ਭੇਜੇ ਜਾਂਦੇ ਹਨ। ਸਾਰਾ ਸਾਮਾਨ ਅਚਾਰਜ ਨੂੰ ਦਾਨ ਕੀਤਾ ਜਾਂਦਾ ਹੈ। ਇਸ ਤੋਂ ਪਿਛੋਂ ਹਰ ਸਾਲ ਸਰਾਧਾਂ ਦੇ ਦਿਨਾਂ ਵਿਚ ਉਸ ਥਿੱਤ 'ਤੇ ਬ੍ਰਾਹਮਣਾਂ ਨੂੰ ਭੋਜਨ ਖੁਆਇਆ ਜਾਂਦਾ ਹੈ। ਇਹ ਵੀ ਵਿਛੜੇ ਸੰਬੰਧੀ ਨੂੰ ਅਪੜਾਨ ਲਈ ਹੀ ਹੁੰਦਾ ਹੈ।

ਜੇ ਕੋਈ ਪ੍ਰਾਣੀ ਬਹੁਤ ਉਮਰ ਦਾ ਹੋ ਕੇ ਮਰੇ, ਪੋਤਰਿਆਂ ਪੜੋਤਰਿਆਂ ਵਾਲਾ ਹੋ ਜਾਏ ਤਾਂ ਉਸ ਦਾ ਸਸਕਾਰ ਕਰਨ ਵੇਲੇ ਉਸ ਨੂੰ 'ਵੱਡਾ ਕਰਦੇ' ਹਨ। ਜਿਸ ਫੱਟੇ ਉਤੇ ਮੁਰਦਾ ਚੁਕ ਕੇ ਲੈ ਜਾਈਦਾ ਹੈ, ਉਸ ਫੱਟੇ ਨੂੰ ਸੋਹਣੇ ਕੱਪੜਿਆਂ ਤੇ ਫੁੱਲਾਂ ਨਾਲ ਸਜਾਂਦੇ ਹਨ। ਮੁਰਦਾ ਲੈ ਜਾਣ ਵੇਲੇ ਓਸ ਦੇ ਉਤੋਂ ਦੀ ਉਸ ਦੇ ਪੋਤਰੇ ਪੜੋਤਰੇ ਆਦਿਕ ਛੁਹਾਰੇ, ਮਖਾਣੇ,ਪੈਸੇ ਆਦਿਕ ਸੁੱਟਦੇ ਹਨ। ਇਸ ਰਸਮ ਨੂੰ 'ਬਬਾਣ ਕੱਢਣਾ' ਆਖੀਦਾ ਹੈ।

ਪੁਰਾਣ

ਪੁਰਾਣ—ਵਿਆਸ ਰਿਸ਼ੀ ਜਾਂ ਉਸ ਦੇ ਨਾਮ ਹੇਠ ਵਿਦਵਾਨਾਂ ਦੇ ਲਿਖੇ ਹੋਏ ਇਤਿਹਾਸ ਨਾਲ ਮਿਲੇ ਧਰਮ-ਗ੍ਰੰਥ। ਇਹਨਾਂ ਦੀ ਗਿਣਤੀ ੧੮ ਹੈ। ਅਤੇ ਸਲੋਕ ਚਾਰ ਲੱਖ। ਵਿਸ਼ਨੂੰ ਪੁਰਾਣ ਅਨੁਸਾਰ, ਪੁਰਾਣ ਦੇ ਲੱਛਣ ਇਹ ਹਨ: ਜਗਤ ਦੀ ਉਤਪਤੀ ਤੇ ਪ੍ਰਲੈ, ਦੇਵਤੇ ਅਤੇ ਪਿਤਰਾਂ ਦੀ ਬੰਸਾਵਲੀ, ਮਨੂ ਦੇ ਰਾਜ ਦਾ ਸਮਾ ਅਤੇ ਉਸ ਦਾ ਹਾਲ, ਸੂਰਜ ਅਤੇ ਚੰਦ੍ਰਵੰਸ ਦੀ ਕਥਾ—ਜਿਸ ਵਿਚ ਇਹ ਪੰਜ ਪ੍ਰਸੰਗ ਹੋਣ, ਉਹ ਪੁਰਾਣ ਹੈ।

੧੮ ਪੁਰਾਣ ਇਹ ਹਨ:

ਵਿਸ਼ਨੂੰ ਪੁਰਾਣ, ਪਦਮ, ਬ੍ਰਹਮ, ਸ਼ਿਵ, ਭਾਗਵਤ, ਨਾਰਦ, ਮਾਰਕੰਡੇਯ, ਅਗਨਿ, ਬ੍ਰਹਮਵੈਵਰਤ, ਲਿੰਗ, ਵਾਰਾਹ, ਸਕੰਦ, ਵਾਮਨ, ਕੂਰਮ, ਮਸਤਯ, ਗਰੁੜ, ਬ੍ਰਹਮਾਂਡ, ਭਵਿਖਯ।

ਗਰੁੜ-ਪੁਰਾਣ

ਹਿੰਦੂ ਮੰਨਦੇ ਹਨ ਕਿ ਹਰੇਕ ਦੇਵਤੇ ਦਾ ਕੋਈ ਉਚੇਚਾ ਅਵਾਹਨ (ਸਵਾਰੀ) ਹੈ। ਜਿਵੇਂ ਗਣੇਸ਼ ਦੀ ਸਵਾਰੀ ਚੂਹਾ, ਬ੍ਰਹਮਾ ਦੀ ਸਵਾਰੀ ਹੰਸ, ਸ਼ਿਵ ਦੀ ਸਵਾਰੀ ਬੈਲ ਹੈ। ਇਸੇ ਤਰ੍ਹਾਂ ਗਰੁੜ ਵਿਸ਼ਨੂੰ ਦੀ ਸਵਾਰੀ ਮੰਨਿਆ ਜਾਂਦਾ ਹੈ।

ਗਰੁੜ-ਪੁਰਾਣ ਵਿਚ ਵਿਸ਼ਨੂੰ ਆਪਣੇ ਅਵਾਹਨ ਗਰੁੜ ਨੂੰ ਜਮ-ਮਾਰਗ

ਦਾ ਹਾਲ ਸੁਣਾਂਦਾ ਹੈ, ਅਤੇ ਆਖਦਾ ਹੈ:

ਮਰਨ ਪਿਛੋਂ ਜੀਵ ਪ੍ਰੇਤ-ਜੂਨ ਪ੍ਰਾਪਤ ਕਰਦਾ ਹੈ, ਅਤੇ ਇਸ ਦਾ ਸਰੀਰ ਅੰਗੂਠੇ ਜਿਤਨਾ ਹੋ ਜਾਂਦਾ ਹੈ। ਮਰੇ ਪ੍ਰਾਣੀ ਵਾਸਤੇ ਪਿੰਡ ਭਰਾਣੇ ਜ਼ਰੂਰੀ ਹਨ। ਇਨ੍ਹਾਂ ਦੀ ਸਹਾਇਤਾ ਨਾਲ ਪ੍ਰੇਤ ਦਾ ਸਰੀਰ ਦਸ ਦਿਨਾਂ ਵਿਚ ਹੱਥ ਭਰ ਬਣ ਜਾਂਦਾ ਹੈ। ਜਦੋਂ ਪ੍ਰਾਣੀ ਮਰਨ ਲਗੇ ਤਾਂ ਉਸ ਨੂੰ ਇਸ਼ਨਾਨ ਅਤੇ ਸਾਲਗਰਾਮ ਦੀ ਪੂਜਾ ਕਰਨੀ ਚਾਹੀਦੀ ਹੈ। ਸਾਲਗਰਾਮ ਸਾਰੇ ਪਾਪਾਂ ਦਾ ਨਾਸ ਕਰਦਾ ਹੈ। ਜੇ ਮਰਨ ਵੇਲੇ ਪ੍ਰਾਣੀ ਦੇ ਮੂੰਹ ਵਿਚ ਸਾਲਗਰਾਮ ਦਾ ਚਰਨਾਮ੍ਰਿਤ ਪਏ, ਤਾਂ ਉਸ ਦੇ ਸਾਰੇ ਪਾਪ ਦੂਰ ਹੋ ਜਾਂਦੇ ਹਨ।

ਜਿਵੇਂ ਰੂੰ ਦੇ ਢੇਰ ਅੱਗ ਦੀ ਇਕ ਚਿਣਗ ਨਾਲ ਸੜ ਕੇ ਸੁਆਹ ਹੋ ਜਾਂਦੇ ਹਨ, ਤਿਵੇਂ ਮਰਨ ਵੇਲੇ ਪ੍ਰਾਣੀ ਲਫ਼ਜ਼ 'ਗੰਗਾ' ਆਖਣ ਨਾਲ ਹੀ ਮੁਕਤ ਹੋ ਜਾਂਦਾ ਹੈ।

ਪ੍ਰੇਤ-ਕਰਮ ਕਰਵਾਣ ਲਈ ਮਰੇ ਪ੍ਰਾਣੀ ਦੇ ਸਸਕਾਰ ਤੋਂ ਪਹਿਲਾਂ ਉਸ ਦਾ ਪੁੱਤਰ ਤੇ ਹੋਰ ਨਜ਼ਦੀਕੀ ਸੰਬੰਧੀ ਮੁੰਡਨ ਕਰਾਣ। ਇਹ ਅੱਤ ਜ਼ਰੂਰੀ ਹੈ। ਪ੍ਰੇਤ ਦੀ ਖ਼ਾਤਰ ਮੰਤਰ ਪੜ੍ਹ ਕੇ ਤਿਲ ਅਤੇ ਘਿਉ ਦੀ ਅਹੂਤੀ ਦੇਣੀ ਚਾਹੀਦੀ ਹੈ, ਅਤੇ ਬਹੁਤ ਰੋਣਾ ਚਾਹੀਦਾ ਹੈ। ਅਜਿਹਾ ਕਰਨ ਨਾਲ ਮਰੇ ਪ੍ਰਾਣੀ ਨੂੰ ਸੁਖ ਹੁੰਦਾ ਹੈ।

ਯਾਰ੍ਹਾਂ ਦਿਨ ਰਾਤ-ਦਿਨ ਹਰ ਵੇਲੇ ਦੀਵਾ ਜਗਦਾ ਰਹਿਣਾ ਚਾਹੀਦਾ ਹੈ। ਇਸ ਦੀਵੇ ਨਾਲ ਜਮ-ਮਾਰਗ ਵਿਚ ਚਾਨਣ ਹੁੰਦਾ ਹੈ।

ਪ੍ਰੇਤ-ਕਰਮ ਕਰਨ ਨਾਲ ਪ੍ਰਾਣੀ ਦਸ ਦਿਨਾਂ ਵਿਚ ਹੀ ਸਾਰੇ ਪਾਪਾਂ ਤੋਂ ਛੁਟਕਾਰਾ ਪਾ ਲੈਂਦਾ ਹੈ। ਗਰੁੜ-ਪੁਰਾਣ ਨੂੰ ਸੁਨਾਣ ਤੇ ਸੁਨਣ ਵਾਲੇ ਪਾਪਾਂ ਤੋਂ ਮੁਕਤ ਹੋ ਜਾਂਦੇ ਹਨ। ਇਸ ਪੁਰਾਣ ਦੇ ਵਾਚਣ ਵਾਲੇ ਪੰਡਿਤ ਨੂੰ ਕਪੜੇ, ਗਹਿਣੇ, ਗਊ, ਅੰਨ, ਸੋਨਾ, ਜ਼ਮੀਨ ਆਦਿਕ ਸਭ ਕੁਝ ਦਾਨ ਕਰਨਾ ਚਾਹੀਦਾ ਹੈ, ਨਹੀਂ ਤਾਂ ਫਲ ਦੀ ਪ੍ਰਾਪਤੀ ਨਹੀਂ ਹੁੰਦੀ। ਕਥਾ ਸੁਨਾਣ ਵਾਲਾ ਜੇ ਪ੍ਰਸੰਨ ਹੋ ਜਾਵੇ, ਤਾਂ ਹੇ ਗਰੁੜ! ਦਾਨ ਕਰਨ ਵਾਲੇ ਉਤੇ ਮੈਂ ਭੀ ਪ੍ਰਸੰਨ ਹੋ ਜਾਂਦਾ ਹਾਂ।

ਗੁਰੂ ਅਮਰਦਾਸ ਜੀ ਬਾਰੇ ਕਿਰਿਆ ਦਾ ਭੁਲੇਖਾ

'ਸੱਦ' ਦੀ ਪੰਜਵੀਂ ਪਉੜੀ ਨੂੰ ਪੜ੍ਹ ਕੇ ਸਿਖ ਜਨਤਾ ਆਮ ਤੌਰ 'ਤੇ ਟਪਲਾ ਖਾ ਜਾਂਦੀ ਹੈ, ਤੇ ਅਨੇਕਾਂ ਸੱਜਣ ਇਹ ਸਮਝਣ ਲਗ ਪੈਂਦੇ ਹਨ ਕਿ ਇਸ ਪਉੜੀ ਵਿਚ ਗੁਰੂ ਅਮਰਦਾਸ ਜੀ ਵਲੋਂ ਕਿਰਿਆ ਕਰਨ ਦੀ ਹਿਦਾਇਤ ਦਾ ਜ਼ਿਕਰ

ਹੈ। ਮੇਰਾ *ਗੁਰਬਾਣੀ ਵਿਆਕਰਣ* ਛਾਪਿਆਂ ਕਾਫ਼ੀ ਸਾਲ ਹੋਣ ਲੱਗੇ ਹਨ। ਹੁਣ ਤਾਂ ਪੜ੍ਹੇ-ਲਿਖੇ ਸੱਜਣਾਂ ਨੂੰ ਕੋਈ ਸ਼ੱਕ ਨਹੀਂ ਰਿਹਾ ਹੋਵੇਗਾ ਕਿ ਗੁਰੂ ਸਾਹਿਬ ਦੇ ਵੇਲੇ ਦੀ ਪੰਜਾਬੀ ਅਤੇ ਹੁਣ ਦੀ ਪੰਜਾਬੀ ਦੇ ਵਿਆਕਰਣ ਵਿਚ ਬਹੁਤ ਸਾਰਾ ਫ਼ਰਕ ਹੈ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਸਹੀ ਸਮਝਣ ਲਈ ਇਹ ਅੱਤ ਜ਼ਰੂਰੀ ਹੈ ਕਿ ਉਸ ਵਕਤ ਦੀ ਪੰਜਾਬੀ ਦੇ ਵਿਆਕਰਣਿਕ ਨਿਯਮਾਂ ਦੀ ਥੋੜੀ ਬਹੁਤੀ ਸਮਝ ਹੋਵੇ। ਪਾਠਕਾਂ ਦੀ ਸਹੂਲਤ ਵਾਸਤੇ ਪੰਜਵੀਂ ਪਉੜੀ ਦੇ ਅਰਥਾਂ ਵਿਚ ਲਫ਼ਜ਼ 'ਪੰਡਿਤ', 'ਪੜਹਿ' ਅਤੇ 'ਪਾਵਏ' ਦੀ ਵਿਆਕਰਣਿਕ ਵਾਕਫ਼ੀਅਤ ਦੇਣ ਦੀ ਖ਼ਾਤਰ ਬਹੁਤ ਵਿਸਥਾਰ ਤੋਂ ਕੰਮ ਲਿਆ ਗਿਆ ਹੈ, ਤਾਕਿ ਕਿਸੇ ਸ਼ੱਕ ਦੀ ਗੁੰਜਾਇਸ਼ ਨਾ ਰਹਿ ਸਕੇ।

ਭੂਮਿਕਾ ਵਿਚ ਸਰਸਰੀ ਜਿਹੀ ਜਾਣ-ਪਛਾਣ ਕਰਾਣ ਲਈ ਸਿਰਫ਼ ਇਹੀ ਦੱਸ ਦੇਣਾ ਕਾਫ਼ੀ ਹੈ ਕਿ ਲਫ਼ਜ਼ 'ਪੰਡਿਤ' ਬਹੁ-ਵਚਨ ਹੈ, ਲਫ਼ਜ਼ 'ਪੜਹਿ' ਵੀ ਬਹੁ-ਵਚਨ ਹੈ। ਹਿੰਦੂ ਸੱਜਣ ਮਰੇ ਪ੍ਰਾਣੀ ਪਿਛੋਂ ਕਿਰਿਆ ਕਰਾਂਦੇ ਹਨ। ਕਿਰਿਆ ਕਰਨ ਵਾਲੇ ਬ੍ਰਾਹਮਣ ਨੂੰ ਅਚਾਰਜ ਆਖੀਦਾ ਹੈ। ਇਹ ਅਚਾਰਜ ਖ਼ਾਨਦਾਨੀ ਹੀ ਤੁਰੇ ਆਉਂਦੇ ਹਨ। ਹਰੇਕ ਘਰ ਦਾ ਇਕੋ ਅਚਾਰਜ ਹੁੰਦਾ ਹੈ। ਜੇ ਗੁਰੂ ਅਮਰਦਾਸ ਜੀ ਵਲੋਂ ਕਿਰਿਆ ਦੀ ਹਿਦਾਇਤ ਹੁੰਦੀ, ਤਾਂ ਲਫ਼ਜ਼ 'ਪੰਡਿਤ' ਏਥੇ ਇਕ-ਵਚਨ ਹੁੰਦਾ, ਇਸ ਦੀ ਸ਼ਕਲ 'ਪੰਡਿਤੁ' ਹੁੰਦੀ, ਅੱਖਰ 'ਤ' ਦੇ ਅੰਤ ਵਿਚ (ੁ) ਹੁੰਦਾ। ਲਫ਼ਜ਼ 'ਗੋਪਾਲ' ਸੰਬੰਧ ਕਾਰਕ ਵਿਚ ਹੈ। 'ਕੇਸੋ ਗੋਪਾਲ ਪੰਡਿਤ' ਦਾ ਅਰਥ ਹੈ, 'ਕੇਸੋ ਗੋਪਾਲ ਦੇ ਪੰਡਿਤ'। ਕੇਸੋ ਅਤੇ ਗੋਪਾਲ ਪਰਮਾਤਮਾ ਦੇ ਨਾਮ ਹਨ, ਜਿਵੇਂ :

ਕਬੀਰ ਕੇਸੋ ਕੇਸੋ ਕੂਕੀਐ.....॥ *(ਪੰਨਾ ੧੩੭੬)*

ਅਤੇ

ਗੋਪਾਲ ਤੇਰਾ ਆਰਤਾ॥ *(ਪੰਨਾ ੬੯੫)*

ਸਤਿਗੁਰੂ ਜੀ ਵਲੋਂ ਹਿਦਾਇਤ ਇਹ ਹੈ ਕਿ ਸਾਡੇ ਪਿਛੋਂ ਪਰਮਾਤਮਾ ਦੇ ਪੰਡਿਤਾਂ ਨੂੰ ਸੱਦਣਾ, ਭਾਵ, ਸਤਸੰਗੀਆਂ ਨੂੰ ਬੁਲਾਣਾ, ਜੋ ਆ ਕੇ ਗਰੁੜ-ਪੁਰਾਣ ਦੇ ਥਾਂ 'ਹਰਿ ਹਰਿ ਕਥਾ' ਪੜ੍ਹਨ। ਇਸੇ ਹਿਦਾਇਤ ਦੀ ਤਾਕੀਦ ਅਗਲੀਆਂ ਦੋ ਤੁਕਾਂ ਵਿਚ ਕੀਤੀ ਹੈ :

ਹਰਿ ਕਥਾ ਪੜੀਐ, ਹਰਿ ਨਾਮੁ ਸੁਣੀਐ.....॥ *(ਪੰਨਾ ੯੨੩)*

ਲਫ਼ਜ਼ 'ਪਾਵਏ' ਵਰਤਮਾਨ ਕਾਲ ਹੈ, ਅੱਨ-ਪੁਰਖ, ਇਕ-ਵਚਨ। ਇਸ

ਦਾ ਅਰਥ 'ਪਾਂਦਾ' ਹੈ। ਕਿਸੇ ਭੀ ਹਾਲਤ ਵਿਚ ਇਹ ਲਫ਼ਜ਼ ਹੁਕਮੀ ਭਵਿੱਖਤ ਕਾਲ (Imperative mood) ਵਿਚ ਨਹੀਂ ਹੈ। ਤੀਜੀ ਤੁਕ ਵਿਚ ਜ਼ਿਕਰ ਹੈ ਕਿ 'ਬੇਬਾਣੁ ਹਰਿ ਰੰਗੁ ਗੁਰ ਭਾਵਏ' (ਗੁਰੂ ਨੂੰ ਹਰੀ ਦਾ ਪਿਆਰ ਰੂਪ ਬਬਾਣ ਚੰਗਾ ਲਗਦਾ ਹੈ)। ਚੌਥੀ ਤੁਕ ਦੇ ਲਫ਼ਜ਼ 'ਪਾਵਏ' ਦਾ ਕਰਤਾ ਕਾਰਕ ਲਫ਼ਜ਼ 'ਗੁਰ' ਹੈ (ਗੁਰੂ ਪਿੰਡ ਪਤਲਿ ਕਿਰਿਆ ਦੀਵਾ ਫੁਲ—ਇਹ ਸਭ ਕੁਝ 'ਹਰਿਸਰ' ਵਿਚ ਪਾਂਦਾ ਹੈ, ਭਾਵ, ਇਸ ਸਾਰੀ ਰਸਮ ਨੂੰ ਗੁਰੂ ਸਤਸੰਗ ਤੋਂ ਸਦਕੇ ਕਰਦਾ ਹੈ)।

ਕਿਰਿਆ ਆਦਿਕ ਬਾਰੇ ਗੁਰੂ ਨਾਨਕ ਦੇਵ ਜੀ ਦੀ ਹਦਾਇਤ

ਇਹ ਗੱਲ ਨਿਰ-ਸੰਦੇਹ ਸਾਬਤ ਹੋ ਚੁਕੀ ਹੈ ਕਿ ਗੁਰੂ ਨਾਨਕ ਦੇਵ ਜੀ ਆਪਣੀ ਸਾਰੀ ਬਾਣੀ ਆਪ ਹੀ ਲਿਖ ਕੇ ਆਪਣੇ ਪਾਸ ਰੱਖਦੇ ਰਹੇ ਸਨ। ਆਪਣੀ ਹੱਥੀਂ ਉਹਨਾਂ ਇਹ ਸਾਰੀ ਦੀ ਸਾਰੀ ਗੁਰੂ ਅੰਗਦ ਦੇਵ ਜੀ ਦੇ ਹਵਾਲੇ ਕਰ ਦਿੱਤੀ ਸੀ। ਗੁਰੂ ਅੰਗਦ ਦੇਵ ਜੀ ਨੇ ਆਪਣੀ ਬਾਣੀ ਸਮੇਤ ਇਹ ਸਾਰਾ ਸੰਗ੍ਰਹਿ ਗੁਰੂ ਅਮਰਦਾਸ ਜੀ ਨੂੰ ਦੇ ਦਿੱਤਾ ਸੀ। ਇਸੇ ਤਰ੍ਹਾਂ ਸਿਲਸਿਲੇ-ਵਾਰ ਪਹਿਲੇ ਚਾਰ ਗੁਰ-ਵਿਅਕਤੀਆਂ ਦੀ ਸਾਰੀ ਬਾਣੀ, ਗੁਰੂ ਰਾਮਦਾਸ ਜੀ ਦੀ ਰਾਹੀਂ ਗੁਰੂ ਅਰਜਨ ਸਾਹਿਬ ਨੂੰ ਮਿਲ ਗਈ ਸੀ। [ਪੜ੍ਹੋ ਮੇਰੀ ਪੁਸਤਕ *ਗੁਰਬਾਣੀ ਤੇ ਇਤਿਹਾਸ ਬਾਰੇ* ਦੇ ਪਹਿਲੇ ੩ ਲੇਖ]।

ਗੁਰੂ ਨਾਨਕ ਦੇਵ ਜੀ ਅਤੇ ਗੁਰੂ ਅਮਰਦਾਸ ਜੀ ਦੀ ਬਾਣੀ ਦਾ ਟਾਕਰਾ ਕਰ ਕੇ ਇਹ ਭੀ ਪੂਰੇ ਤੌਰ 'ਤੇ ਸਾਬਤ ਕੀਤਾ ਜਾ ਚੁਕਿਆ ਹੈ ਕਿ ਗੁਰੂ ਅਮਰਦਾਸ ਜੀ, ਗੁਰੂ ਨਾਨਕ ਦੇਵ ਜੀ ਦੀ ਸਾਰੀ ਬਾਣੀ ਨੂੰ ਬੜੇ ਗਹੁ ਨਾਲ ਪੜ੍ਹਦੇ ਰਹਿੰਦੇ ਸਨ। ਇਸ ਬਾਣੀ ਬਾਰੇ ਉਹਨਾਂ ਦਾ ਅਭਿਆਸ ਕਮਾਲ ਦਰਜੇ ਦਾ ਸੀ।

ਹਿੰਦੂ ਪ੍ਰਾਣੀ ਦੇ ਅੰਤਮ ਸੰਸਕਾਰ—ਦੀਵਾ, ਪਿੰਡ, ਪਤਲਿ, ਕਿਰਿਆ ਆਦਿਕ—ਬਾਰੇ ਗੁਰੂ ਨਾਨਕ ਦੇਵ ਜੀ ਨੇ ਪਹਿਲੀ 'ਉਦਾਸੀ' ਸਮੇ 'ਗਇਆ' ਤੀਰਥ 'ਤੇ ਪਹੁੰਚ ਕੇ ਜੋ ਆਪਣੇ ਖ਼ਿਆਲ ਪਰਗਟ ਕੀਤੇ ਸਨ, ਤੇ ਜੋ ਸਾਰੀ ਬਾਣੀ ਦੇ ਸੰਗ੍ਰਹਿ ਵਿਚ ਆ ਕੇ ਗੁਰੂ ਅਮਰਦਾਸ ਜੀ ਦੇ ਪਾਸ ਮੌਜੂਦ ਸਨ, ਉਹ ਇਉਂ ਹਨ:

ਆਸਾ ਮਹਲਾ ੧॥

ਦੀਵਾ ਮੇਰਾ ਏਕੁ ਨਾਮੁ, ਦੁਖੁ ਵਿਚਿ ਪਾਇਆ ਤੇਲੁ॥
ਉਨਿ ਚਾਨਣਿ ਓਹੁ ਸੋਖਿਆ, ਚੂਕਾ ਜਮ ਸਿਉ ਮੇਲੁ॥੧॥

ਲੋਕਾ ਮਤ ਕੋ ਫਕੜਿ ਪਾਇ॥
ਲਖ ਮੜਿਆ ਕਰਿ ਏਕਠੇ, ਏਕ ਰਤੀ ਲੇ ਭਾਹਿ॥੧॥ਰਹਾਉ॥
ਪਿੰਡੁ ਪਤਲਿ ਮੇਰੀ ਕੇਸਉ, ਕਿਰਿਆ ਸਚੁ ਨਾਮੁ ਕਰਤਾਰੁ॥
ਐਥੈ ਓਥੈ ਆਗੈ ਪਾਛੈ, ਏਹੁ ਮੇਰਾ ਆਧਾਰੁ॥੨॥
ਗੰਗ ਬਨਾਰਸਿ ਸਿਫਤਿ ਤੁਮਾਰੀ, ਨਾਵੈ ਆਤਮ ਰਾਉ॥
ਸਚਾ ਨਾਵਣੁ ਤਾਂ ਥੀਐ, ਜਾਂ ਅਹਿਨਿਸ ਲਾਗੈ ਭਾਉ॥੩॥
ਇਕ ਲੋਕੀ ਹੋਰੁ ਛਮਿਛਰੀ, ਬ੍ਰਾਹਮਣੁ ਵਟਿ ਪਿੰਡੁ ਖਾਇ॥
ਨਾਨਕ ਪਿੰਡੁ ਬਖਸੀਸ ਕਾ, ਕਬਹੂੰ ਨਿਖੂਟਸਿ ਨਾਹਿ॥੪॥੨॥੩੨॥

(ਪੰਨਾ ੩੫੮)

ਦੀਵਾ-ਵੱਟੀ, ਪਿੰਡ ਭਰਾਣੇ, ਕਿਰਿਆ ਕਰਾਣੀ, ਫੁੱਲ ਹਰਿਦੁਆਰ ਲੈ ਜਾਣੇ—ਇਸ ਸਾਰੀ ਹੀ ਮਰਯਾਦਾ ਬਾਰੇ ਸਿਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਨਾਮ-ਲੇਵਾ ਸਿੱਖਾਂ ਲਈ ਇਹ ਹਿਦਾਇਤ ਸੰਨ ੧੫੦੯ ਦੀ ਵਿਸਾਖੀ ਸਮੇ ਸਪੱਸ਼ਟ ਕਰ ਦਿੱਤੀ। ਆਪਣੀ ਸੰਸਾਰਕ ਜ਼ਿੰਦਗੀ ਦੇ ਬਾਕੀ ਸਾਢੇ ਤੀਹ ਸਾਲ ਇਸ ਹਿਦਾਇਤ ਦਾ ਪਰਚਾਰ ਕਰਦੇ ਰਹੇ, ਅਤੇ ਆਪਣੇ ਸਿੱਖਾਂ ਨੂੰ ਇਸ ਉਤੇ ਤੋਰਦੇ ਰਹੇ। ਇਹ ਕੋਈ ਨਿੱਕੀ ਜਿਹੀ ਗੱਲ ਨਹੀਂ ਸੀ। ਸਾਰੀ ਹਿੰਦੂ ਜਨਤਾ ਕਿਰਿਆ ਆਦਿਕ ਮਰਯਾਦਾ ਸੰਬੰਧੀ ਸਦੀਆਂ ਤੋਂ ਬ੍ਰਾਹਮਣ ਦੀ ਮੁਥਾਜ ਚਲੀ ਆ ਰਹੀ ਹੈ। ਗੁਰੂ ਨਾਨਕ ਦੇਵ ਜੀ ਨੇ ਆਪਣੇ ਸਿੱਖਾਂ ਨੂੰ ਇਹਨਾਂ ਬੰਧਨਾਂ ਤੋਂ ਸੁਤੰਤਰ ਕਰ ਦਿੱਤਾ। ਜਿਥੋਂ ਤਕ ਰੋਜ਼ੀ ਦਾ ਸੰਬੰਧ ਸੀ, ਬ੍ਰਾਹਮਣਾਂ ਨੂੰ ਗੁਰੂ ਨਾਨਕ ਦੇਵ ਜੀ ਤੇ ਉਹਨਾਂ ਦੇ ਜਾ-ਨਸ਼ੀਨ ਗੁਰ-ਵਿਅਕਤੀਆਂ ਤੋਂ ਭਾਰੀ ਖ਼ਤਰਾ ਦਿੱਸ ਪਿਆ। ਗੁਰ-ਇਤਿਹਾਸ ਨੂੰ ਗਹੁ ਨਾਲ ਪੜ੍ਹਨ ਵਾਲੇ ਸੱਜਣ ਜਾਣਦੇ ਹਨ ਕਿ ਬ੍ਰਾਹਮਣ ਨੇ ਗੁਰੂ ਨਾਨਕ ਦੇਵ ਜੀ ਦੇ ਸਮੇ ਹੀ ਸਿਖ ਧਰਮ ਦੀ ਵਿਰੋਧਤਾ ਸ਼ੁਰੂ ਕਰ ਦਿੱਤੀ ਸੀ।

ਇਹ ਸਵਾਲ ਹੀ ਪੈਦਾ ਨਹੀਂ ਹੁੰਦਾ ਕਿ ਤੀਜੇ ਗੁਰੂ, ਗੁਰੂ ਅਮਰਦਾਸ ਜੀ ਬ੍ਰਾਹਮਣ ਵਾਲੀ ਉਸੇ ਮੁਥਾਜੀ ਵਿਚ ਮੁੜ ਆਪ ਪੈ ਕੇ ਆਪਣੇ ਸਿੱਖਾਂ ਲਈ ਵੀ ਉਹੀ ਮੁਥਾਜੀ ਨਵੇਂ ਸਿਰੇ ਕਾਇਮ ਕਰ ਜਾਂਦੇ। ਹਿੰਦੂ ਸੱਜਣ ਦੀ ਕਿਰਿਆ ਹੁੰਦੀ ਹੈ ਕਿ ਉਸ ਨੂੰ ਪ੍ਰੇਤ ਜੂਨ ਵਿਚੋਂ ਕੱਢ ਕੇ ਪਿਤਰ-ਲੋਕ ਵਿਚ ਅਪੜਾਇਆ ਜਾਏ। ਗੁਰੂ ਅਮਰਦਾਸ ਜੀ ਬਾਰੇ ਅਜਿਹਾ ਕੋਈ ਰੰਚਕ ਮਾਤ੍ਰ ਖ਼ਿਆਲ ਭੀ ਲਿਆਉਣਾ ਇਕ ਸਿਖ ਵਾਸਤੇ ਅੱਤ ਦਰਜੇ ਦੀ ਮਾਨਸਕ ਗਿਰਾਵਟ ਹੈ।

ਗੁਰੂ ਅਮਰਦਾਸ ਜੀ ਅਤੇ ਤੀਰਥ-ਯਾਤਰਾ

ਜਿਨ੍ਹਾਂ ਲੋਕਾਂ ਦੀ ਦੀਵੇ-ਵੱਟੀ, ਪਿੰਡ ਪੱਤਲਿ, ਕਿਰਿਆ ਆਦਿਕ ਵਿਚ ਸ਼ਰਧਾ ਹੈ, ਉਹਨਾਂ ਵਾਸਤੇ ਇਹ ਭੀ ਜ਼ਰੂਰੀ ਹੈ, ਕਿ ਆਪਣੇ ਮਰੇ ਪ੍ਰਾਣੀ ਦੀਆਂ ਅਸਥੀਆਂ (ਫੁੱਲ) ਹਰਿਦੁਆਰ ਲੈ ਜਾ ਕੇ ਗੰਗਾ ਵਿਚ ਜਲ-ਪ੍ਰਵਾਹ ਕਰਨ। ਦੂਜੇ ਲਫ਼ਜ਼ਾਂ ਵਿਚ ਇਉਂ ਕਹਿ ਲਵੋ ਕਿ ਕਿਰਿਆ ਆਦਿਕ ਦੇ ਸ਼ਰਧਾਲੂ ਲਈ ਹਰਿਦੁਆਰ ਤੀਰਥ ਤੇ ਗੰਗਾ ਦਾ ਇਸ਼ਨਾਨ ਅੱਤ ਜ਼ਰੂਰੀ ਹੈ। ਪਰ ਇਸ ਬਾਰੇ ਗੁਰੂ ਨਾਨਕ ਦੇਵ ਜੀ ਨੇ ਉਸੇ ਸ਼ਬਦ ਵਿਚ ਸਾਫ਼ ਲਿਖ ਦਿੱਤਾ ਕਿ ਪਰਮਾਤਮਾ ਦੀ ਸਿਫ਼ਤਿ-ਸਾਲਾਹ ਹੀ ਸਾਡੇ ਵਾਸਤੇ ਗੰਗਾ ਦਾ ਇਸ਼ਨਾਨ ਹੈ।

ਸਿਖ-ਇਤਿਹਾਸ ਲਿਖਦਾ ਹੈ ਕਿ ਗੁਰੂ ਅੰਗਦ ਸਾਹਿਬ ਜੀ ਦੇ ਪਾਸ ਸੰਨ ੧੫੪੧ ਵਿਚ ਆਉਣ ਤੋਂ ਪਹਿਲਾਂ ਗੁਰੂ ਅਮਰਦਾਸ ਜੀ ੧੯ ਸਾਲ ਹਰਿਦੁਆਰ ਜਾਂਦੇ ਰਹੇ। ਇਹ ਉਹਨਾਂ ਦਾ ਹਰ ਸਾਲ ਦਾ ਨਿਯਮ ਸੀ। ਪਰ ਸਤਿਗੁਰੂ ਜੀ ਦੀ ਸ਼ਰਨ ਆ ਕੇ ਉਹਨਾਂ ਹਿੰਦੂ ਮੱਤ ਵਾਲਾ ਤੀਰਥ-ਇਸ਼ਨਾਨ ਦਾ ਨਿਯਮ ਬੇ-ਲੋੜਵਾਂ ਸਮਝ ਲਿਆ। ਸੰਨ ੧੫੪੧ ਤੋਂ ਪਿਛੋਂ ਆਪਣੇ ੩੪ ਸਾਲਾਂ ਦੇ ਸਰੀਰਕ ਜੀਵਨ ਵਿਚ ਉਹ ਸਿਰਫ਼ ਇਕ ਵਾਰੀ ਹਰਿਦੁਆਰ ਗਏ ਸਨ, ਸੰਨ ੧੫੫੮ ਵਿਚ, ਜਦੋਂ ਉਹਨਾਂ ਨੂੰ ਗੁਰ-ਗੱਦੀ 'ਤੇ ਬੈਠਿਆਂ ੬ ਸਾਲ ਹੋ ਚੁਕੇ ਸਨ। ਉਹ ਭੀ ਇਕ ਵਾਰੀ ਕਿਉਂ ਗਏ ਸਨ ? ਜਿਵੇਂ ਗੁਰੂ ਨਾਨਕ ਦੇਵ ਜੀ 'ਚੜ੍ਹਿਆ ਸੋਧਣ ਧਰਤਿ ਲੁਕਾਈ।' ਗੁਰੂ ਅਮਰਦਾਸ ਜੀ ਦੇ ਹਰਿਦੁਆਰ ਜਾਣ ਬਾਰੇ ਗੁਰੂ ਰਾਮਦਾਸ ਜੀ ਨੇ ਤੁਖਾਰੀ ਰਾਗ ਵਿਚ ਲਿਖਿਆ ਹੈ :

> **ਤੀਰਥ ਉਦਮੁ ਸਤਿਗੁਰੂ ਕੀਆ,**
> **ਸਭ ਲੋਕ ਉਧਰਣ ਅਰਥਾ ॥੨॥੪॥੧੦॥** *(ਪੰਨਾ ੧੧੧੬)*

ਗੁਰੂ ਦੀ ਸ਼ਰਨ ਆਉਣਾ, ਗੁਰੂ ਦੇ ਸ਼ਬਦ ਵਿਚ ਜੁੜਨਾ—ਸਿਰਫ਼ ਇਹੀ ਸੀ ਸੱਚਾ ਤੀਰਥ ਗੁਰੂ ਅਮਰਦਾਸ ਜੀ ਦੀਆਂ ਨਜ਼ਰਾਂ ਵਿਚ। ਸੂਹੀ ਰਾਗ ਦੀਆ ਅਸਟਪਦੀਆਂ ਵਿਚ ਆਪ ਨੇ ਲਿਖਿਆ ਹੈ :

> **ਸਚਾ ਤੀਰਥੁ ਜਿਤੁ ਸਤਸਰਿ ਨਾਵਣੁ**
> **ਗੁਰਮੁਖਿ ਆਪਿ ਬੁਝਾਏ ॥**
> **ਅਠਸਠਿ ਤੀਰਥ ਗੁਰ ਸਬਦਿ ਦਿਖਾਏ**
> **ਤਿਤੁ ਨਾਤੈ ਮਲੁ ਜਾਏ ॥੫॥੧॥** *(ਪੰਨਾ ੭੫੩)*

ਸੋ, ਜਿਥੇ ਪ੍ਰਾਣੀ ਦੇ ਅੰਤਮ ਸੰਸਕਾਰ ਬਾਰੇ ਸਿਖ-ਧਰਮ ਦਾ ਦ੍ਰਿਸ਼ਟੀ-ਕੋਣ

ਹਿੰਦੂ ਧਰਮ ਨਾਲੋਂ ਬਦਲ ਚੁਕਿਆ ਸੀ, ਉਥੇ ਤੀਰਥ-ਇਸ਼ਨਾਨ ਬਾਰੇ ਭੀ ਵੱਖਰਾ ਹੋ ਗਿਆ ਸੀ।

'ਸਦੁ' ਦਾ ਇੰਦਰਾਜ 'ਬੀੜ' ਵਿਚ

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਉਸ ਵੇਲੇ ਦੇ ਵਿਆਕਰਣ ਅਨੁਸਾਰ ਸਮਝਣ ਵਲੋਂ ਸਿਖ ਪੰਥ ਦੀ ਲਾ-ਪਰਵਾਹੀ ਨੇ ਕਈ ਸ਼ਬਦਾਂ ਬਾਰੇ ਕਈ ਭੁਲੇਖੇ ਖੜੇ ਕਰ ਦਿੱਤੇ, ਜਿਵੇਂ 'ਸਦੁ' ਦੀ ਪੰਜਵੀਂ ਪਉੜੀ ਤੋਂ ਇਹ ਭੁਲੇਖਾ ਬਣਿਆ। ਇਸੇ ਤਰ੍ਹਾਂ ਭਗਤਾਂ ਦੇ ਕਈ ਸ਼ਬਦ ਭੀ ਗੁਰਮਤਿ ਦੇ ਉਲਟ ਸਮਝੇ ਜਾਣ ਲੱਗ ਪਏ। ਸ਼ਬਦਾਂ ਦੀ ਸਹੀ ਸਮਝ ਨਾ ਪੈ ਸਕਣ 'ਤੇ ਕਈ ਹਾਸੋ-ਹੀਣੀਆਂ ਸਾਖੀਆਂ ਭੀ ਚੱਲ ਪਈਆਂ।

ਇਸ ਦਾ ਨਤੀਜਾ ਇਹ ਨਿਕਲਿਆ ਕਿ ਕਈ ਸੱਜਣਾਂ ਨੇ ਇਹ ਮਨੌਤ ਬਣਾ ਲਈ ਕਿ ਭਗਤ-ਬਾਣੀ, ਸੱਤੇ-ਬਲਵੰਡ ਦੀ ਵਾਰ ਆਦਿਕ ਕੁਝ ਬਾਣੀਆਂ ਗੁਰੂ ਅਰਜਨ ਸਾਹਿਬ ਜੀ ਦੀ ਸ਼ਹੀਦੀ ਤੋਂ ਪਿਛੋਂ ਬਾਬਾ ਪ੍ਰਿਥੀ ਚੰਦ ਜੀ ਨੇ ਜਹਾਂਗੀਰ ਨਾਲ ਸਾਜ਼ਸ਼ ਕਰ ਕੇ 'ਬੀੜ' ਵਿਚ ਦਰਜ ਕਰਾ ਦਿੱਤੀਆਂ ਸਨ।

ਇਸ ਪ੍ਰਸਤਾਵ ਦਾ ਉੱਤਰ ਸਤੇ ਬਲਵੰਡ ਦੀ ਵਾਰ ਸਟੀਕ ਵਿਚ ਖੁਲ੍ਹੇ ਤੌਰ 'ਤੇ ਪੂਰੇ ਵਿਸਥਾਰ ਨਾਲ ੧੭ ਸਫ਼ਿਆਂ ਦੇ ਇਕ ਲੇਖ ਦੀ ਰਾਹੀਂ ਦਿਤਾ ਗਿਆ ਹੈ। ਉਸ ਨੂੰ ਇਥੇ ਦੁਹਰਾਣ ਦੀ ਗੁੰਜਾਇਸ਼ ਨਹੀਂ ਹੈ। ਇਥੇ ਸਿਰਫ਼ ਗੁਰੂ ਗ੍ਰੰਥ ਸਾਹਿਬ ਜੀ ਵਿਚ ਵਰਤੇ 'ਅੰਕਾਂ' ਦਾ ਹਵਾਲਾ ਦੇ ਕੇ ਦੱਸਿਆ ਜਾਏਗਾ ਕਿ ਬਾਣੀ 'ਸਦੁ' ਗੁਰੂ ਅਰਜਨ ਸਾਹਿਬ ਨੇ ਆਪ ਦਰਜ ਕਰਾਈ ਸੀ।

੧੪੩੦ ਸਫ਼ਿਆਂ ਵਾਲੀ 'ਬੀੜ' ਅਨੁਸਾਰ ਰਾਮਕਲੀ ਰਾਗ ਵਿਚ ਵਰਤੇ ਅੰਕਾਂ ਉਤੇ ਵਿਚਾਰ ਕੀਤੀ ਜਾਏਗੀ।

ਇਹ ਰਾਗ ਸਫ਼ਾ ੮੭੬ ਤੋਂ ਸ਼ੁਰੂ ਹੁੰਦਾ ਹੈ। ਮਰਯਾਦਾ ਅਨੁਸਾਰ ਸਭ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ ਦੇ ਸ਼ਬਦ ਹਨ। ਸਫ਼ਾ ੮੭੯ 'ਤੇ ਕੁਲ ਜੋੜ ੧੧ ਦਿੱਤਾ ਗਿਆ ਹੈ।

ਸਫ਼ਾ ੮੮੦—ਸ਼ਬਦ ਗੁਰੂ ਅਮਰਦਾਸ ਜੀ। ਸਿਰਫ਼ ਇਕੋ ਸ਼ਬਦ ਹੈ। ਇਸੇ ਹੀ ਸਫ਼ੇ 'ਤੇ ਗੁਰੂ ਰਾਮਦਾਸ ਜੀ ਦੇ ਸ਼ਬਦ ਸ਼ੁਰੂ ਹੁੰਦੇ ਹਨ। ਸਫ਼ਾ ੮੮੨ 'ਤੇ ਇਹਨਾਂ ਦੇ ਸ਼ਬਦਾਂ ਦਾ ਜੋੜ ੬ ਦਿੱਤਾ ਹੋਇਆ ਹੈ। ਇਥੇ ਹੀ ਤਿੰਨਾਂ ਗੁਰ-ਵਿਅਕਤੀਆਂ ਦੇ ਸ਼ਬਦਾਂ ਦਾ ਜੋੜ ੧੮ ਭੀ ਲਿਖਿਆ ਮਿਲਦਾ ਹੈ—੧੧+੧+੬—੧੮।

ਸਫ਼ਾ ੮੯੨ ਤੋਂ ਗੁਰੂ ਅਰਜਨ ਦੇਵ ਜੀ ਦੇ ਸ਼ਬਦ ਸ਼ੁਰੂ ਹੋਏ ਹਨ। ਸਫ਼ਾ ੮੯੬ 'ਤੇ 'ਘਰੁ ੧' ਦੇ ੧੧ ਸ਼ਬਦ ਮੁਕਦੇ ਹਨ। ਅਗਾਂਹ 'ਘਰੁ ੨' ਦੇ ਸ਼ਬਦ ਹਨ। ਅੰਕ ਦੋਹਰਾ ਕਰ ਦਿੱਤਾ ਗਿਆ ਹੈ। ਸਫ਼ਾ ੯੦੧ 'ਤੇ ਇਹ ਲੜੀ ਖ਼ਤਮ ਹੁੰਦੀ ਹੈ। ਦੋਹਰਾ ਜੋੜ ਹੈ ੪੫। ੫੬। ਭਾਵ, ੪੫ ਸ਼ਬਦ 'ਘਰੁ ੨ ਦੇ ਹਨ, ਅਤੇ ੧੧ 'ਘਰੁ ੧' ਦੇ। ਪਰ ਇਹ ਤਕਰੀਬਨ ਸਾਰੇ ਸ਼ਬਦ ਚਉਪਦੇ ਹਨ। ਸਫ਼ਾ ੯੦੧ ਉਤੇ 'ਘਰੁ ੨' ਦੇ ਹੀ ਦੋ ਸ਼ਬਦ ਦੁਪਦੇ ਵਖਰੇ ਦੇ ਕੇ ਸਾਰਾ ਜੋੜ ੫੮ ਦਿੱਤਾ ਗਿਆ ਹੈ। ਅਗਾਂਹ 'ਪੜਤਾਲ ਘਰੁ ੩' ਦੇ ਦੋ ਸ਼ਬਦ ਹਨ। ਤੇ, ਅਖ਼ੀਰ 'ਤੇ ਗੁਰੂ ਅਰਜਨ ਸਾਹਿਬ ਦੇ ਸਾਰੇ ਸ਼ਬਦਾਂ ਦਾ ਜੋੜ ੬੦ ਦਿੱਤਾ ਗਿਆ ਹੈ।

ਅਸਟਪਦੀਆਂ

ਸਫ਼ਾ ੯੦੨ ਤੋਂ ਗੁਰੂ ਨਾਨਕ ਦੇਵ ਜੀ ਦੀਆਂ। ਸਫ਼ਾ ੯੦੮ 'ਤੇ ਖ਼ਤਮ। ਜੋੜ ੯।

ਸਫ਼ਾ ੯੦੮ ਤੋਂ ਗੁਰੂ ਅਮਰਦਾਸ ਜੀ ਦੀਆਂ। ਸਫ਼ਾ ੯੧੨ 'ਤੇ ਖ਼ਤਮ। ਜੋੜ ੫। ਦੋਹਾਂ ਦਾ ਜੋੜ ੧੪ ਭੀ ਮੌਜੂਦ ਹੈ।

ਸਫ਼ਾ ੯੧੨ ਤੋਂ ਗੁਰੂ ਅਰਜਨ ਸਾਹਿਬ ਜੀ ਦੀਆਂ। ਸਫ਼ਾ ੯੧੬ 'ਤੇ ਖ਼ਤਮ। ਜੋੜ ੮। ਤਿੰਨਾਂ ਗੁਰ-ਵਿਅਕਤੀਆਂ ਦੀਆਂ ਅਸਟਪਦੀਆਂ ਦਾ ਜੋੜ ੨੨।

ਸਫ਼ਾ ੯੧੭ 'ਤੇ ਮਹਲਾ ੩ ਦੀ ਬਾਣੀ 'ਅਨੰਦੁ'। ੪੦ ਪਉੜੀਆਂ ਦੀ ਸਾਬਤ ਬਾਣੀ ਸਫ਼ਾ ੯੨੨ 'ਤੇ ਮੁਕਦੀ ਹੈ। ਅਖ਼ੀਰਲਾ ਅੰਕ ੧, ਭਾਵ, ਇਹ ਇਕ ਬਾਣੀ ਸਮਝੀ ਜਾਏ।

ਸਫ਼ਾ ੯੨੩ 'ਤੇ 'ਸਦੁ' ੬ ਪਉੜੀਆਂ ਦੀ ਇਕ ਬਾਣੀ। ਸਫ਼ਾ ੯੨੪ 'ਤੇ ਅਖ਼ੀਰਲਾ ਅੰਕ ੬।੧।

ਸਫ਼ਾ ੯੨੪ ਤੋਂ ਛੰਤ ਮਹਲਾ ੫ ਦੇ। ਸਫ਼ਾ ੯੨੭ 'ਤੇ ੪ ਛੰਤ ਖ਼ਤਮ ਹੁੰਦੇ ਹਨ, ਪਰ ਪੰਜਵੇਂ ਛੰਤ ਦੀਆਂ ਸਿਰਫ਼ ੨ ਤੁਕਾਂ ਹਨ। ਇਸ ਤੋਂ ਅਗਾਂਹ ਮਹਲਾ ੫ ਦਾ ਰੁਤੀ ਸਲੋਕ ਹੈ। ਇਹ ਇਕ ਲੰਮਾ ਛੰਤ ਹੈ ਸਲੋਕਾਂ ਸਮੇਤ। ਇਸ ਦੇ ੮ ਬੰਦ ਹਨ, ਹਰੇਕ ਦੇ ਨਾਲ ਇਕ ਇਕ ਸਲੋਕ ਹੈ। ਸਾਰੇ ਛੰਤ ਨੂੰ ਇਕ (੧) ਸਮਝਣਾ ਹੈ। ਇਸ ਵਾਸਤੇ ਸਫ਼ਾ ੯੨੯ ਉਤੇ ਇਸ ਦੇ ਅਖ਼ੀਰ 'ਤੇ ਅੰਕ ਹੈ—੮।੧।

ਪਰ ਇਸ ਅੰਕ ਦੇ ਨਾਲ ਹੀ ਅੰਕ ਹਨ।੬।੮। ਇਹਨਾਂ ਨੂੰ ਰਤਾ ਸਮਝਣ ਦੀ ਲੋੜ ਹੈ।

ਅਸਟਪਦੀਆਂ ਮੁੱਕਣ 'ਤੇ

ਅਨੰਦੁ	—	੧ ਬਾਣੀ
ਸਦੁ	—	੧ ਬਾਣੀ
ਛੰਤੁ	—	੫
ਰੁਤੀ ਸਲੋਕ	—	੧
ਕੁਲ ਜੋੜ		੮

ਅਸਟਪਦੀਆਂ ਤੋਂ ਪਿਛੋਂ ਪਹਿਲਾਂ ਮ: ੩ ਦੀ ਬਾਣੀ 'ਅਨੰਦੁ' ਹੈ, ਅਖ਼ੀਰ 'ਤੇ ਮ: ੫ ਦਾ ਰੁਤੀ ਸਲੋਕ ਹੈ। ਤੇ 'ਸਦੁ' ਸਮੇਤ ਜੋੜ ੮ ਦਿੱਤਾ ਹੋਇਆ ਹੈ।

ਜੇ ਗੁਰੂ ਅਰਜਨ ਸਾਹਿਬ ਜੀ ਦੀ ਸ਼ਹੀਦੀ ਤੋਂ ਪਿਛੋਂ 'ਸਦੁ' ਦੀ ਬਾਣੀ ਦਰਜ ਹੋਈ ਹੁੰਦੀ, ਤਾਂ ਪਹਿਲਾ ਅੰਕ ੭ ਹੁੰਦਾ, ਜਿਸ ਨੂੰ ਤੋੜ ਕੇ ਅੰਕ ੮ ਬਣਾਇਆ ਜਾਂਦਾ।

ਬਾਣੀ ਸੁੰਦਰ ਜੀ

ਬਾਣੀ 'ਸਦੁ' ਦੇ ਕਰਤਾ ਬਾਬਾ ਸੁੰਦਰ ਜੀ ਗੁਰੂ ਅਮਰਦਾਸ ਜੀ ਦੇ ਪੜੋਤਰੇ ਸਨ।

ਗੁਰੂ ਅਮਰਦਾਸ ਜੀ
|
ਬਾਬਾ ਮੋਹਰੀ ਜੀ
|
ਬਾਬਾ ਅਨੰਦ ਜੀ
|
ਬਾਬਾ ਸੁੰਦਰ ਜੀ

ਰਾਮਕਲੀ ਸਦੁ ॥

ਸਦੁ—ਲਫ਼ਜ਼ 'ਸੱਦ' ਪੰਜਾਬੀ ਬੋਲੀ ਵਿਚ ਆਮ ਵਰਤਿਆ ਜਾਂਦਾ ਹੈ, ਇਸ ਦਾ ਅਰਥ ਹੈ 'ਵਾਜ'।

ਇਹ ਲਫ਼ਜ਼ ਸੰਸਕ੍ਰਿਤ ਦੇ ਲਫ਼ਜ਼ 'ਸ਼ਬਦ' (शब्द) ਦਾ ਪ੍ਰਾਕ੍ਰਿਤਾ ਰੂਪ ਹੈ 'ਸੱਦ' (सद्द), ਜੋ ਪੰਜਾਬੀ ਵਿਚ ਭੀ 'ਸੱਦ' ਹੈ। ਸੰਸਕ੍ਰਿਤ ਦੇ ਤਾਲ ਵੀ 'ਸ਼' (श) ਦੇ ਥਾਂ ਪ੍ਰਾਕ੍ਰਿਤ ਵਿਚ ਦੰਤਵੀ 'ਸ' ਰਹਿ ਗਿਆ, ਅਤੇ ਦੋ ਅੱਖਰਾਂ (ब्द) ਦੇ ਥਾਂ ਇਕ ਅੱਖਰ 'ਦ' ਦੀ ਹੀ ਦੋਹਰੀ ਅਵਾਜ਼ ਰਹਿ ਗਈ।

ਰਾਮਕਲੀ ਰਾਗ ਵਿਚ ਲਿਖੀ ਹੋਈ ਇਸ ਬਾਣੀ ਦਾ ਨਾਮ 'ਸਦੁ' ਹੈ, ਇਥੇ ਇਸ ਦਾ ਭਾਵ ਹੈ—**ਰੱਬ ਵਲੋਂ ਗੁਰੂ ਅਮਰਦਾਸ ਜੀ ਨੂੰ ਆਇਆ ਹੋਇਆ ਸੱਦਾ।**

ੴ ਸਤਿਗੁਰਪ੍ਰਸਾਦਿ ॥

ਜਗਿ ਦਾਤਾ ਸੋਇ ਭਗਤਿ ਵਛਲੁ ਤਿਹੁ ਲੋਇ ਜੀਉ ॥
ਗੁਰ ਸਬਦਿ ਸਮਾਵਏ ਅਵਰੁ ਨ ਜਾਣੈ ਕੋਇ ਜੀਉ ॥
ਅਵਰੋ ਨ ਜਾਣਹਿ ਸਬਦਿ ਗੁਰ ਕੈ ਏਕੁ ਨਾਮੁ ਧਿਆਵਹੇ ॥
ਪਰਸਾਦਿ ਨਾਨਕ ਗੁਰੂ ਅੰਗਦ ਪਰਮ ਪਦਵੀ ਪਾਵਹੇ ॥
ਆਇਆ ਹਕਾਰਾ ਚਲਣਵਾਰਾ ਹਰਿ ਰਾਮਨਾਮਿ ਸਮਾਇਆ ॥
ਜਗਿ ਅਮਰੁ ਅਟਲੁ ਅਤੋਲੁ ਠਾਕੁਰੁ ਭਗਤਿ ਤੇ ਹਰਿ ਪਾਇਆ ॥੧॥

ਪਦ ਅਰਥ : ਜਗਿ—ਜਗ ਵਿਚ। ਭਗਤਿ ਵਛਲੁ ਦਾਤਾ—ਭਗਤੀ ਨੂੰ ਪਿਆਰ ਕਰਨ ਵਾਲਾ ਦਾਤਾ। ਤਿਹੁ ਲੋਇ—ਤਿੰਨਾਂ ਲੋਕਾਂ ਵਿਚ। ਗੁਰ ਸਬਦਿ—ਗੁਰੂ ਦੇ ਸ਼ਬਦ ਦੁਆਰਾ। ਸਮਾਵਏ—(ਉਸ ਅਕਾਲ ਪੁਰਖ ਵਿਚ) (ਗੁਰੂ ਅਮਰਦਾਸ) ਸਮਾਉਂਦਾ ਹੈ, ਲੀਨ ਹੁੰਦਾ ਹੈ। ਨ ਜਾਣਹਿ—ਨਹੀਂ ਜਾਣਦੇ ਹਨ, (ਗੁਰੂ ਅਮਰਦਾਸ ਜੀ) ਨਹੀਂ ਜਾਣਦੇ ਹਨ।

ਨੋਟ : ਦੂਜੀ ਤੁਕ ਵਿਚ ਲਫ਼ਜ਼ 'ਜਾਣੈ' ਆਇਆ ਹੈ ਅਤੇ ਤੀਜੀ ਵਿਚ

'ਜਾਣਹਿ' ਹੈ। ਵਿਆਕਰਣ ਅਨੁਸਾਰ ਲਫ਼ਜ਼ 'ਜਾਣੈ' ਵਰਤਮਾਨ ਕਾਲ (Present Tense) ਅੱਨ-ਪੁਰਖ (Third Person), ਇਕ-ਵਚਨ (Singular Number) ਹੈ। ਇਸ ਸਾਰੀ ਪਉੜੀ ਵਿਚ ਗੁਰੂ ਅਮਰਦਾਸ ਵੱਲ ਇਸ਼ਾਰਾ ਹੈ। ਸੋ ਲਫ਼ਜ਼ 'ਗੁਰੂ ਅਮਰਦਾਸ' ਇਸ 'ਕ੍ਰਿਆ ਦਾ ਕਰਤਾ' (Subject) ਹੈ। ਇਸ ਦਾ ਅਰਥ ਹੈ—(ਗੁਰੂ ਅਮਰਦਾਸ) ਜਾਣਦਾ ਹੈ।

ਤੀਜੀ ਤੁਕ ਵਿਚ ਲਫ਼ਜ਼ 'ਜਾਣਹਿ' ਹੈ, ਇਹ 'ਜਾਣੈ' ਦਾ ਬਹੁ-ਵਚਨ (Plural Number) ਹੈ, ਜਿਵੇਂ 'ਸਤਿਕਾਰ' ਪਰਗਟ ਕਰਨ ਵਾਸਤੇ ਸੁਖਮਨੀ ਸਾਹਿਬ ਵਿਚ ਲਫ਼ਜ਼ 'ਪ੍ਰਭ' ਦੇ ਨਾਲ ਲਫ਼ਜ਼ 'ਜੀ' ਵਰਤ ਕੇ ਇਸ ਦੇ ਨਾਲ 'ਕ੍ਰਿਆ' ਬਹੁ-ਵਚਨ (Plural Number) ਵਿਚ ਵਰਤੀ ਗਈ ਹੈ:

ਪ੍ਰਭ ਜੀ ਬਸਹਿ ਸਾਧ ਕੀ ਰਸਨਾ॥

(ਗਉੜੀ ਸੁਖਮਨੀ ਮ: ੫, ਪੰਨਾ ੨੬੩)

ਤਿਵੇਂ ਇਥੇ ਭੀ 'ਸਤਿਕਾਰ' ਦੇ ਵਾਸਤੇ ਕ੍ਰਿਆ 'ਜਾਣਹਿ' ਬਹੁ-ਵਚਨ ਵਿਚ ਹੈ, ਇਸ ਦਾ ਅਰਥ ਹੈ—ਗੁਰੂ ਅਮਰਦਾਸ ਜੀ ਜਾਣਦੇ ਹਨ।

ਸਬਦਿ ਗੁਰ ਕੈ—ਗੁਰੂ ਦੇ ਸ਼ਬਦ ਦੀ ਰਾਹੀਂ।

ਧਿਆਵਹੇ—ਕਵਿਤਾ ਵਿਚ ਛੰਦ ਦਾ ਖ਼ਿਆਲ ਰੱਖ ਕੇ ਇਹ ਲਫ਼ਜ਼ 'ਧਿਆਵਹਿ' ਦੀ ਅੰਤਲੀ (ਿ) ਨੂੰ (ੇ) ਕੀਤਾ ਗਿਆ ਹੈ; ਇਸੇ ਤਰ੍ਹਾਂ 'ਪਾਵਹੇ' ਲਫ਼ਜ਼ 'ਪਾਵਹਿ' ਤੋਂ ਹੈ। ਜਿਵੇਂ 'ਸਤਿਕਾਰ' ਵਾਸਤੇ ਉਪਰ ਲਫ਼ਜ਼ 'ਜਾਣਹਿ' ਆਇਆ ਹੈ, ਤਿਵੇਂ ਇਹ ਲਫ਼ਜ਼ 'ਧਿਆਵਹੇ' ਅਤੇ 'ਪਾਵਹੇ' ਹਨ; ਇਹਨਾਂ ਦਾ ਅਰਥ ਹੈ—(ਗੁਰੂ ਅਮਰਦਾਸ ਜੀ) ਧਿਆਉਂਦੇ ਹਨ, (ਗੁਰੂ ਅਮਰਦਾਸ ਜੀ) ਪ੍ਰਾਪਤ ਕਰਦੇ ਹਨ।

ਪਰਸਾਦਿ—ਕਿਰਪਾ ਨਾਲ। ਪਰਸਾਦਿ ਨਾਨਕ—(ਗੁਰੂ) ਨਾਨਕ ਦੀ ਕਿਰਪਾ ਨਾਲ। ਪਰਸਾਦਿ ਨਾਨਕ ਗੁਰੂ ਅੰਗਦ—ਗੁਰੂ ਨਾਨਕ ਅਤੇ ਗੁਰੂ ਅੰਗਦ ਸਾਹਿਬ ਦੀ ਕਿਰਪਾ ਨਾਲ।

ਹਕਾਰਾ—ਹਾਕ, ਸੱਦਾ। ਚਲਣਵਾਰਾ ਹਕਾਰਾ—ਚੱਲਣ ਦਾ ਸੱਦਾ।

ਅਰਥ : ਜੋ ਅਕਾਲ ਪੁਰਖ ਜਗਤ ਵਿਚ (ਜੀਵਾਂ ਨੂੰ) ਦਾਤਾਂ ਬਖ਼ਸ਼ਣ ਵਾਲਾ ਹੈ, ਜੋ ਤਿੰਨ ਲੋਕਾਂ ਵਿਚ ਭਗਤੀ ਕਰਨ ਵਾਲਿਆਂ ਨੂੰ ਪਿਆਰ ਕਰਦਾ ਹੈ, (ਉਸ ਅਕਾਲ ਪੁਰਖ ਵਿਚ ਗੁਰੂ ਅਮਰਦਾਸ) ਸਤਿਗੁਰੂ ਦੇ ਸ਼ਬਦ ਰਾਹੀਂ ਲੀਨ (ਰਿਹਾ) ਹੈ, (ਅਤੇ ਉਸ ਤੋਂ ਬਿਨਾ) ਕਿਸੇ ਹੋਰ ਨੂੰ (ਉਸ ਵਰਗਾ) ਨਹੀਂ ਜਾਣਦਾ।

(ਗੁਰੂ ਅਮਰਦਾਸ ਜੀ) ਸਤਿਗੁਰੂ ਦੇ ਸ਼ਬਦ ਦੀ ਬਰਕਤ ਨਾਲ (ਅਕਾਲ

ਪੁਰਖ ਤੋਂ ਬਿਨਾ) ਕਿਸੇ ਹੋਰ ਨੂੰ (ਉਸ ਵਰਗਾ ਨਹੀਂ ਜਾਣਦੇ (ਰਹੇ) ਹਨ, ਕੇਵਲ ਇਕ 'ਨਾਮ' ਨੂੰ ਧਿਆਉਂਦੇ (ਰਹੇ) ਹਨ, ਗੁਰੂ ਨਾਨਕ ਤੇ ਗੁਰੂ ਅੰਗਦ ਦੇਵ ਜੀ ਦੀ ਕਿਰਪਾ ਨਾਲ ਉਹ ਉੱਚੇ ਦਰਜੇ ਨੂੰ ਪ੍ਰਾਪਤ ਕਰ ਚੁਕੇ ਹਨ।

(ਜਿਹੜੇ ਗੁਰੂ ਅਮਰਦਾਸ) ਅਕਾਲ ਪੁਰਖ ਦੇ ਨਾਮ ਵਿਚ ਲੀਨ ਸੀ, (ਧੁਰੋਂ) ਉਸ ਦੇ ਚੱਲਣ ਦਾ ਸੱਦਾ ਆ ਗਿਆ, (ਗੁਰੂ ਅਮਰਦਾਸ ਜੀ ਨੇ) ਜਗਤ ਵਿਚ (ਰਹਿੰਦਿਆਂ) ਅਮਰ, ਅਟੱਲ, ਅਤੋਲ, ਠਾਕੁਰ ਨੂੰ ਭਗਤੀ ਦੀ ਰਾਹੀਂ ਪ੍ਰਾਪਤ ਕਰ ਲਿਆ ਹੋਇਆ ਸੀ।੧।

ਹਰਿ ਭਾਣਾ ਗੁਰ ਭਾਇਆ
ਗੁਰੁ ਜਾਵੈ ਹਰਿ ਪ੍ਰਭ ਪਾਸਿ ਜੀਉ ॥
ਸਤਿਗੁਰੁ ਕਰੇ ਹਰਿ ਪਹਿ ਬੇਨਤੀ
ਮੇਰੀ ਪੈਜ ਰਖਹੁ ਅਰਦਾਸਿ ਜੀਉ ॥
ਪੈਜ ਰਾਖਹੁ ਹਰਿ ਜਨਹ ਕੇਰੀ
ਹਰਿ ਦੇਹੁ ਨਾਮੁ ਨਿਰੰਜਨੋ ॥
ਅੰਤਿ ਚਲਦਿਆ ਹੋਇ ਬੇਲੀ
ਜਮਦੂਤ ਕਾਲੁ ਨਿਖੰਜਨੋ ॥
ਸਤਿਗੁਰੂ ਕੀ ਬੇਨਤੀ ਪਾਈ
ਹਰਿ ਪ੍ਰਭਿ ਸੁਣੀ ਅਰਦਾਸਿ ਜੀਉ ॥
ਹਰਿ ਧਾਰਿ ਕਿਰਪਾ ਸਤਿਗੁਰੁ ਮਿਲਾਇਆ
ਧਨੁ ਧਨੁ ਕਹੈ ਸਾਬਾਸਿ ਜੀਉ ॥੨॥

ਪਦ ਅਰਥ : ਹਰਿ ਭਾਣਾ—ਹਰੀ ਦਾ ਭਾਣਾ, ਅਕਾਲ ਪੁਰਖ ਦੀ ਰਜ਼ਾ। ਗੁਰ ਭਾਇਆ—ਗੁਰੂ (ਅਮਰਦਾਸ) ਨੂੰ ਮਿੱਠਾ ਲੱਗਾ। ਗੁਰੁ ਜਾਵੈ—ਗੁਰੂ (ਅਮਰਦਾਸ) ਜਾਂਦਾ ਹੈ, ਭਾਵ, ਜਾਣ ਨੂੰ ਤਿਆਰ ਹੋ ਪਿਆ। ਸਤਿਗੁਰੁ—ਗੁਰੂ ਅਮਰਦਾਸ। ਹਰਿ ਪਹਿ—ਹਰੀ ਦੇ ਪਾਸ। ਹਰਿ ਜਨਹ ਕੇਰੀ—ਹਰੀ ਦੇ ਦਾਸਾਂ ਦੀ। ਹਰਿ—ਹੇ ਹਰੀ ! ਅੰਤਿ—ਅੰਤ ਵੇਲੇ, ਅਖ਼ੀਰ ਸਮੇ। ਨਿਖੰਜਨੋ—ਨਾਸ ਕਰਨ ਵਾਲਾ। ਪਾਈ—ਕੀਤੀ ਹੋਈ। ਸਤਿਗੁਰੂ ਕੀ ਬੇਨਤੀ ਪਾਈ—ਗੁਰੂ ਅਮਰਦਾਸ ਜੀ ਦੀ ਕੀਤੀ ਹੋਈ ਬੇਨਤੀ। ਹਰਿ ਪ੍ਰਭਿ—ਹਰੀ ਪ੍ਰਭੂ ਨੇ। ਧਾਰਿ ਕਿਰਪਾ—ਕਿਰਪਾ

ਕਰ ਕੇ। ਸਤਿਗੁਰੁ ਮਿਲਾਇਆ—ਗੁਰੂ (ਅਮਰਦਾਸ ਜੀ) ਨੂੰ (ਆਪਣੇ ਵਿਚ) ਮਿਲਾ ਲਿਆ। ਕਹੈ—(ਅਕਾਲ ਪੁਰਖ) ਕਹਿੰਦਾ ਹੈ।

ਨੋਟ : ਇਹ 'ਵਰਤਮਾਨ ਕਾਲ' ਭੂਤ ਕਾਲ ਦੇ ਭਾਵ ਵਿਚ ਵਰਤਿਆ ਹੋਇਆ ਹੈ।

ਅਰਥ : ਅਕਾਲ ਪੁਰਖ ਦੀ ਰਜ਼ਾ (ਗੁਰੂ ਅਮਰਦਾਸ) ਜੀ ਨੂੰ ਪਿਆਰੀ ਲੱਗੀ, ਅਤੇ ਸਤਿਗੁਰੂ (ਜੀ) ਅਕਾਲ ਪੁਰਖ ਦੇ ਕੋਲ ਜਾਣ ਨੂੰ ਤਿਆਰ ਹੋ ਪਏ। ਗੁਰੂ ਅਮਰਦਾਸ ਜੀ ਨੇ ਅਕਾਲ ਪੁਰਖ ਅੱਗੇ ਇਹ ਬੇਨਤੀ ਕੀਤੀ : '(ਹੇ ਹਰੀ)! ਮੇਰੀ ਅਰਦਾਸ ਹੈ ਕਿ ਮੇਰੀ ਲਾਜ ਰੱਖ। ਹੇ ਹਰੀ! ਆਪਣੇ ਸੇਵਕਾਂ ਦੀ ਲਾਜ ਰੱਖ, ਅਤੇ ਮਾਇਆ ਤੋਂ ਨਿਰਮੋਹ ਕਰਨ ਵਾਲਾ ਆਪਣਾ ਨਾਮ ਬਖ਼ਸ਼, ਜਮਦੂਤਾਂ ਅਤੇ ਕਾਲ ਨੂੰ ਨਾਸ ਕਰਨ ਵਾਲਾ ਨਾਮ ਦੇ, ਜੋ ਅਖ਼ੀਰ ਚੱਲਣ ਵੇਲੇ ਸਾਥੀ ਬਣੇ।'

ਸਤਿਗੁਰੂ ਦੀ ਕੀਤੀ ਹੋਈ ਇਹ ਬੇਨਤੀ, ਇਹ ਅਰਦਾਸ ਅਕਾਲ ਪੁਰਖ ਪ੍ਰਭੂ ਨੇ ਸੁਣ ਲਈ, ਅਤੇ ਮਿਹਰ ਕਰ ਕੇ ਉਸ ਨੇ ਗੁਰੂ ਅਮਰਦਾਸ ਜੀ ਨੂੰ ਆਪਣੇ (ਚਰਨਾਂ ਵਿਚ) ਜੋੜ ਲਿਆ ਅਤੇ ਕਹਿਣ ਲੱਗਾ : ਸ਼ਾਬਾਸ਼ੇ! ਤੂੰ ਧੰਨ ਹੈਂ, ਤੂੰ ਧੰਨ ਹੈਂ।੨।

ਮੇਰੇ ਸਿਖ ਸੁਣਹੁ ਪੁਤ ਭਾਈਹੋ
ਮੇਰੈ ਹਰਿ ਭਾਣਾ ਆਉ ਮੈ ਪਾਸਿ ਜੀਉ॥
ਹਰਿ ਭਾਣਾ ਗੁਰ ਭਾਇਆ
ਮੇਰਾ ਹਰਿ ਪ੍ਰਭੁ ਕਰੇ ਸਾਬਾਸਿ ਜੀਉ॥
ਭਗਤੁ ਸਤਿਗੁਰੁ ਪੁਰਖੁ ਸੋਈ
ਜਿਸੁ ਹਰਿ ਪ੍ਰਭ ਭਾਣਾ ਭਾਵਏ॥
ਆਨੰਦ ਅਨਹਦ ਵਜਹਿ ਵਾਜੇ
ਹਰਿ ਆਪਿ ਗਲਿ ਮੇਲਾਵਏ॥
ਤੁਸੀ ਪੁਤ ਭਾਈ ਪਰਵਾਰੁ ਮੇਰਾ
ਮਨਿ ਵੇਖਹੁ ਕਰਿ ਨਿਰਜਾਸਿ ਜੀਉ॥
ਧੁਰਿ ਲਿਖਿਆ ਪਰਵਾਣਾ ਫਿਰੈ ਨਾਹੀ
ਗੁਰੁ ਜਾਇ ਹਰਿ ਪ੍ਰਭ ਪਾਸਿ ਜੀਉ॥੩॥

ਪਦ ਅਰਥ : ਮੇਰੇ ਸਿਖ ਪੁਤ ਭਾਈਹੋ—ਹੇ ਮੇਰੇ ਸਿੱਖੋ! ਹੇ ਮੇਰੇ ਪੁੱਤਰੋ! ਹੇ ਮੇਰੇ ਭਰਾਵੋ! ਭਾਣਾ—ਭਾਇਆ ਹੈ, ਚੰਗਾ ਲੱਗਾ ਹੈ। ਮੇਰੈ ਹਰਿ ਭਾਣਾ—ਮੇਰੇ ਅਕਾਲ ਪੁਰਖ ਨੂੰ ਚੰਗਾ ਲੱਗਾ ਹੈ। ਮੈ ਪਾਸਿ—ਮੇਰੇ ਕੋਲ। ਹਰਿ ਭਾਣਾ—ਹਰੀ ਦਾ ਭਾਣਾ, ਅਕਾਲ ਪੁਰਖ ਦੀ ਰਜ਼ਾ। ਗੁਰ ਭਾਇਆ—ਗੁਰੂ ਨੂੰ ਮਿੱਠਾ ਲੱਗਾ ਹੈ। ਕਰੇ ਸਾਬਾਸਿ—ਸ਼ਾਬਾਸ਼ੇ ਆਖ ਰਿਹਾ ਹੈ। ਜਿਸੁ ਭਾਵਏ—ਜਿਸ ਨੂੰ ਮਿੱਠਾ ਲੱਗਦਾ ਹੈ। ਪ੍ਰਭ ਭਾਣਾ—ਪ੍ਰਭੂ ਦਾ ਭਾਣਾ। ਆਨੰਦ ਵਾਜੇ—ਆਨੰਦ ਦੇ ਵਾਜੇ। ਅਨਹਦ—ਇਕ ਰਸ, ਲਗਾਤਾਰ। ਗਲਿ—ਗਲ ਵਿਚ। ਮਨਿ—ਮਨ ਵਿਚ। ਕਰਿ ਨਿਰਜਾਸਿ—ਨਿਰਣਾ ਕਰ ਕੇ। ਧੁਰਿ—ਧੁਰੋਂ, ਰੱਬ ਵੱਲੋਂ। ਪਰਵਾਣਾ—ਹੁਕਮ। ਫਿਰੈ ਨਾਹੀ—ਮੋੜਿਆ ਨਹੀਂ ਜਾ ਸਕਦਾ।

ਅਰਥ : ਹੇ ਮੇਰੇ ਸਿੱਖੋ! ਹੇ ਮੇਰੇ ਪੁੱਤਰੋ! ਹੇ ਮੇਰੇ ਭਰਾਵੋ! ਸੁਣੋ—"ਮੇਰੇ ਅਕਾਲ ਪੁਰਖ ਨੂੰ (ਇਹ) ਚੰਗਾ ਲੱਗਾ ਹੈ (ਅਤੇ ਮੈਨੂੰ ਉਸ ਨੇ ਹੁਕਮ ਕੀਤਾ ਹੈ :) 'ਮੇਰੇ ਕੋਲ ਆਉ'।"

"ਅਕਾਲ ਪੁਰਖ ਦੀ ਰਜ਼ਾ ਗੁਰੂ ਨੂੰ ਮਿੱਠੀ ਲੱਗੀ ਹੈ, ਮੇਰਾ ਪ੍ਰਭੂ (ਮੈਨੂੰ) ਸ਼ਾਬਾਸ਼ ਦੇ ਰਿਹਾ ਹੈ। ਉਹੀ (ਮਨੁੱਖ) ਭਗਤ ਹੈ ਤੇ ਪੂਰਾ ਗੁਰੂ ਹੈ ਜਿਸ ਨੂੰ ਰੱਬ ਦਾ ਭਾਣਾ ਮਿੱਠਾ ਲਗਦਾ ਹੈ, (ਉਸ ਦੇ ਅੰਦਰ) ਆਨੰਦ ਦੇ ਵਾਜੇ ਇਕ-ਰਸ ਵੱਜਦੇ ਹਨ, ਅਕਾਲ ਪੁਰਖ ਉਸ ਨੂੰ ਆਪ ਆਪਣੇ ਗਲ ਲਾਉਂਦਾ ਹੈ।"

"ਤੁਸੀ ਮੇਰੇ ਪੁੱਤਰ ਹੋ, ਮੇਰੇ ਭਰਾ ਹੋ, ਮੇਰਾ ਪਰਵਾਰ ਹੋ; ਮਨ ਵਿਚ ਕਿਆਸ ਕਰ ਕੇ ਵੇਖੋ ਕਿ ਧੁਰੋਂ ਲਿਖਿਆ ਹੋਇਆ ਹੁਕਮ ਕਦੇ ਟਲ ਨਹੀਂ ਸਕਦਾ, (ਸੋ, ਇਸ ਵਾਸਤੇ, ਹੁਣ) ਗੁਰੂ, ਅਕਾਲ ਪੁਰਖ ਦੇ ਕੋਲ ਜਾ ਰਿਹਾ ਹੈ"।੩।

ਸਤਿਗੁਰਿ ਭਾਣੈ ਆਪਣੈ ਬਹਿ ਪਰਵਾਰੁ ਸਦਾਇਆ॥
ਮਤ ਮੈ ਪਿਛੈ ਕੋਈ ਰੋਵਸੀ ਸੋ ਮੈ ਮੂਲਿ ਨ ਭਾਇਆ॥
ਮਿਤੁ ਪੈਝੈ ਮਿਤੁ ਬਿਗਸੈ ਜਿਸੁ ਮਿਤ ਕੀ ਪੈਜ ਭਾਵਏ॥
ਤੁਸੀ ਵੀਚਾਰਿ ਦੇਖਹੁ ਪੁਤ ਭਾਈ ਹਰਿ ਸਤਿਗੁਰੂ ਪੈਨਾਵਏ॥
ਸਤਿਗੁਰੂ ਪਰਤਖਿ ਹੋਦੈ ਬਹਿ ਰਾਜੁ ਆਪਿ ਟਿਕਾਇਆ॥
ਸਭਿ ਸਿਖ ਬੰਧਪ ਪੁਤ ਭਾਈ ਰਾਮਦਾਸ ਪੈਰੀ ਪਾਇਆ॥੪॥

ਪਦ ਅਰਥ : ਸਤਿਗੁਰਿ—ਸਤਿਗੁਰੂ ਨੇ। ਭਾਣੈ ਆਪਣੈ—ਆਪਣੇ ਭਾਣੇ ਵਿਚ, ਆਪਣੀ ਮਰਜ਼ੀ ਨਾਲ। ਬਹਿ—ਬੈਠ ਕੇ। ਮੈ ਪਿਛੈ—ਮੇਰੇ ਪਿਛੇ।

ਪੈਝੈ—ਮਾਣ ਪਾਉਂਦਾ ਹੈ। ਬਿਗਸੈ—ਖਿੜਦਾ ਹੈ, ਖ਼ੁਸ਼ ਹੁੰਦਾ ਹੈ। ਜਿਸੁ—ਜਿਸ ਮਨੁੱਖ ਨੂੰ। ਪੈਜ—ਲਾਜ, ਇੱਜ਼ਤ, ਵਡਿਆਈ। ਭਾਵਏ—ਭਾਉਂਦੀ ਹੈ, ਚੰਗੀ ਲੱਗਦੀ ਹੈ। ਵੀਚਾਰਿ—ਵਿਚਾਰ ਕੇ। ਪੁਤ ਭਾਈ—ਹੇ ਮੇਰੇ ਪੁੱਤਰੋ ਤੇ ਭਰਾਵੋ! ਸਤਿਗੁਰੂ—ਗੁਰੂ ਨੂੰ। ਪੈਨਾਵਏ—ਸਿਰੋਪਾ ਦੇ ਰਿਹਾ ਹੈ, ਆਦਰ ਦੇ ਰਿਹਾ ਹੈ। ਪਰਤਖਿ ਹੋਦੈ—ਪਰਤੱਖ ਹੁੰਦਿਆਂ, ਇਸ ਸਰੀਰ ਵਿਚ ਹੁੰਦਿਆਂ, ਜੀਊਂਦਿਆਂ ਹੀ। ਰਾਜੁ—ਗੁਰਿਆਈ ਦਾ ਰਾਜ, ਗੁਰਿਆਈ ਦੀ ਗੱਦੀ। ਟਿਕਾਇਆ—ਥਾਪ ਦਿੱਤਾ। ਬੰਧਪ—ਸਾਕ-ਅੰਗ। ਰਾਮਦਾਸ ਪੈਰੀ—ਗੁਰੂ ਰਾਮਦਾਸ ਜੀ ਦੇ ਪੈਰਾਂ ਉਤੇ।

ਅਰਥ : ਗੁਰੂ (ਅਮਰਦਾਸ ਜੀ) ਨੇ ਬੈਠ ਕੇ ਆਪਣੀ ਮਰਜ਼ੀ ਨਾਲ (ਸਾਰੇ) ਪਰਵਾਰ ਨੂੰ ਸੱਦ ਘੱਲਿਆ (ਤੇ ਆਖਿਆ—) "ਮਤਾਂ ਮੇਰੇ ਪਿਛੋਂ ਕੋਈ ਰੋਵੇ, ਮੈਨੂੰ ਉਹ (ਰੋਣ ਵਾਲਾ) ਉੱਕਾ ਹੀ ਚੰਗਾ ਨਹੀਂ ਲੱਗਣਾ। ਜਿਸ ਮਨੁੱਖ ਨੂੰ ਆਪਣੇ ਮਿੱਤਰ ਦੀ ਵਡਿਆਈ (ਹੁੰਦੀ) ਚੰਗੀ ਲਗਦੀ ਹੈ ਉਹ ਖ਼ੁਸ਼ ਹੁੰਦਾ ਹੈ, (ਜਦੋਂ) ਉਸ ਦੇ ਮਿੱਤਰ ਨੂੰ ਆਦਰ ਮਿਲਦਾ ਹੈ। ਤੁਸੀ ਭੀ ਮੇਰੇ ਪੁੱਤਰੋ ਤੇ ਭਰਾਵੋ! (ਹੁਣ) ਵਿਚਾਰ ਕੇ ਵੇਖ ਲਵੋ ਕਿ ਅਕਾਲ ਪੁਰਖ ਗੁਰੂ ਨੂੰ ਆਦਰ ਦੇ ਰਿਹਾ ਹੈ (ਇਸ ਵਾਸਤੇ ਤੁਸੀ ਭੀ ਖ਼ੁਸ਼ ਹੋਵੋ)।"

(ਇਹ ਉਪਦੇਸ਼ ਦੇ ਕੇ ਫਿਰ) ਗੁਰੂ ਅਮਰਦਾਸ ਜੀ ਨੇ ਸਰੀਰਕ ਜਾਮੇ ਵਿਚ ਹੁੰਦਿਆਂ ਹੀ ਬੈਠ ਕੇ ਆਪ ਗੁਰਿਆਈ ਦੀ ਗੱਦੀ (ਭੀ) ਥਾਪ ਦਿੱਤੀ, (ਅਤੇ) ਸਾਰੇ ਸਿੱਖਾਂ ਨੂੰ, ਸਾਕਾਂ ਅੰਗਾਂ ਨੂੰ, ਪੁੱਤਰਾਂ ਨੂੰ ਅਤੇ ਭਰਾਵਾਂ ਨੂੰ (ਗੁਰੂ) ਰਾਮਦਾਸ ਜੀ ਦੀ ਚਰਨੀਂ ਲਾ ਦਿੱਤਾ।੪।

ਅੰਤੇ ਸਤਿਗੁਰੁ ਬੋਲਿਆ ਮੈ ਪਿਛੈ
ਕੀਰਤਨੁ ਕਰਿਅਹੁ ਨਿਰਬਾਣੁ ਜੀਉ ॥
ਕੇਸੋ ਗੋਪਾਲ ਪੰਡਿਤ ਸਦਿਅਹੁ
ਹਰਿ ਹਰਿ ਕਥਾ ਪੜਹਿ ਪੁਰਾਣੁ ਜੀਉ ॥
ਹਰਿ ਕਥਾ ਪੜੀਐ ਹਰਿ ਨਾਮੁ ਸੁਣੀਐ
ਬੇਬਾਣੁ ਹਰਿ ਰੰਗੁ ਗੁਰ ਭਾਵਏ ॥
ਪਿੰਡੁ ਪਤਲਿ ਕਿਰਿਆ ਦੀਵਾ
ਫੁਲ ਹਰਿ ਸਰਿ ਪਾਵਏ ॥

ਹਰਿ ਭਾਇਆ ਸਤਿਗੁਰੁ ਬੋਲਿਆ
ਹਰਿ ਮਿਲਿਆ ਪੁਰਖੁ ਸੁਜਾਣੁ ਜੀਉ ॥
ਰਾਮਦਾਸ ਸੋਢੀ ਤਿਲਕੁ ਦੀਆ
ਗੁਰ ਸਬਦੁ ਸਚੁ ਨੀਸਾਣੁ ਜੀਉ ॥੫॥

ਪਦ ਅਰਥ : ਅੰਤੇ--ਅਖ਼ੀਰ ਦੇ ਵੇਲੇ, ਜੋਤੀ ਜੋਤਿ ਸਮਾਣ ਵੇਲੇ। ਨਿਰਬਾਣੁ ਕੀਰਤਨੁ—ਨਿਰਾ ਕੀਰਤਨ, ਨਿਰੋਲ ਕੀਰਤਨ। ਕਰਿਅਹੁ—ਤੁਸੀ ਕਰਿਓ। ਹਰਿ ਰੰਗੁ--ਅਕਾਲ ਪੁਰਖ ਦਾ ਪਿਆਰ। ਗੁਰ ਭਾਵਏ—ਗੁਰੂ ਨੂੰ ਚੰਗਾ ਲਗਦਾ ਹੈ। ਹਰਿ ਸਰਿ--ਹਰੀ ਦੇ ਸਰ ਵਿਚ, ਅਕਾਲ ਪੁਰਖ ਦੇ ਸਰੋਵਰ ਵਿਚ। ਪਾਵਏ—(ਗੁਰੂ) ਪਾਵਏ, ਗੁਰੂ ਪਾਂਦਾ ਹੈ।

ਨੋਟ : ਇਸ ਪਉੜੀ ਦੇ ਅਰਥ ਸੰਬੰਧੀ ਕਈ ਕਿਸਮ ਦੇ ਖ਼ਿਆਲ ਪਰਗਟ ਕੀਤੇ ਜਾ ਰਹੇ ਹਨ, ਪਰ ਅਸੀ ਜਿਵੇਂ ਪਿਛਲੀਆਂ ਚਾਰ ਪਉੜੀਆਂ ਨੂੰ ਲਫ਼ਜ਼ਾਂ ਦੀ ਬਨਾਵਟ ਅਤੇ ਉਹਨਾਂ ਦੇ ਪਰਸਪਰ ਵਿਆਕਰਣਿਕ ਸੰਬੰਧ ਅਨੁਸਾਰ ਵਿਚਾਰ ਆਏ ਹਾਂ, ਉਸੇ ਤਰ੍ਹਾਂ ਇਥੇ ਭੀ ਕੇਵਲ ਇਹਨਾਂ ਹੀ ਦੋ ਧੁਰਿਆਂ ਨੂੰ ਸਾਹਮਣੇ ਰੱਖ ਕੇ ਵਿਚਾਰ ਕਰਾਂਗੇ। ਇਸ ਗੱਲ ਦਾ ਖ਼ਿਆਲ ਨਹੀਂ ਕੀਤਾ ਜਾਏਗਾ ਕਿ ਇਹ ਅਰਥ ਕਿਸੇ ਸੱਜਣ ਜਾਂ ਸੱਜਣਾਂ ਦੀ **'ਮਿਥੀ ਹੋਈ ਗੁਰਮਤਿ'** ਦੇ ਅਨੁਸਾਰ ਹੈ ਜਾਂ ਉਸ ਦੇ ਵਿਰੁੱਧ।

ਇਸ ਪਉੜੀ ਵਿਚ ਖ਼ਾਸ ਵਿਚਾਰ-ਜੋਗ ਹੇਠ-ਲਿਖੇ ਚਾਰ ਲਫ਼ਜ਼ ਹਨ :

੧. ਪੰਡਿਤ, ੨. ਪੜਹਿ, ੩. ਹਰਿਸਰਿ, ੪. ਪਾਵਏ। ਸੋ, ਆਓ, ਵਾਰੋ ਵਾਰੀ ਇਹਨਾਂ 'ਤੇ ਵਿਚਾਰ ਕਰੀਏ।

੧. ਪੰਡਿਤ :

ਜੋ ਵਿਆਕਰਣ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਵਰਤਿਆ ਪਰਤੱਖ ਮਿਲਦਾ ਹੈ, ਉਸ਼ ਦੇ ਅਧਾਰ 'ਤੇ :

ਲਫ਼ਜ਼ 'ਪੰਡਿਤ' (੧) ਕਰਤਾ ਕਾਰਕ, **ਬਹੁ-ਵਚਨ** ਹੈ।
(੨) ਕਿਤੇ 'ਸੰਬੋਧਨ' ਭੀ ਹੋ ਜਾਂਦਾ ਹੈ।

ਅਤੇ

ਲਫ਼ਜ਼ 'ਪੰਡਿਤੁ' (੧) ਕਰਤਾ ਕਾਰਕ, **ਇਕ-ਵਚਨ** ਹੈ।
(੨) ਕਰਮ ਕਾਰਕ, **ਇਕ-ਵਚਨ** ਭੀ।

ਇਸ ਨਿਯਮ ਨੂੰ ਪਰਖਣ ਵਾਸਤੇ ਗੁਰਬਾਣੀ ਵਿਚ ਵਰਤੇ ਹੋਏ ਲਫ਼ਜ਼ 'ਪੰਡਿਤ' ਪੜਤਾਲੀਏ :

(ੳ) ਕਰਤਾ ਕਾਰਕ, ਇਕ-ਵਚਨ :

(੧) ਪੜਿ ਪੜਿ 'ਪੰਡਿਤੁ' ਬਾਦੁ ਵਖਾਣੈ ॥
ਭੀਤਰਿ ਹੋਦੀ ਵਸਤੁ ਨ ਜਾਣੈ ॥੩॥੪॥ *(ਗਉੜੀ ਮ: ੧, ਪੰਨਾ ੧੫੨)*

(੨) 'ਪੰਡਿਤੁ' ਸਾਸਤ ਸਿਮ੍ਰਿਤਿ ਪੜਿਆ ॥
ਜੋਗੀ ਗੋਰਖੁ ਗੋਰਖੁ ਕਰਿਆ ॥੧॥੧॥੩੯॥
(ਗਉੜੀ ਗੁਆਰੇਰੀ ਮ: ੪, ਪੰਨਾ ੧੬੩)

(੩) ਹਉ 'ਪੰਡਿਤੁ' ਹਉ ਚਤੁਰੁ ਸਿਆਣਾ ॥
ਕਰਣੈਹਾਰੁ ਨ ਬੁਝੈ ਬਿਗਾਨਾ ॥੩॥੯॥੭੮॥
(ਗਉੜੀ ਗੁਆਰੇਰੀ ਮ: ੫, ਪੰਨਾ ੧੭੮)

(੪) ਨਹ 'ਪੰਡਿਤੁ' ਨਹ ਚਤੁਰੁ ਸਿਆਨਾ ॥
ਨਹ ਭੂਲੋ ਨਹ ਭਰਮਿ ਭੁਲਾਨਾ ॥੮॥੧॥
(ਗਉੜੀ ਮ: ੧ ਅਸਟਪਦੀਆ, ਪੰਨਾ ੨੨੧)

(੫) ਮਾਇਆ ਕਾ ਮੁਹਤਾਜੁ 'ਪੰਡਿਤੁ' ਕਹਾਵੈ ॥੪॥੪॥
(ਗਉੜੀ ਮ: ੩ ਅਸਟਪਦੀਆ, ਪੰਨਾ ੨੩੧)

(੬) ਸੋ 'ਪੰਡਿਤੁ' ਜੋ ਮਨੁ ਪਰਬੋਧੈ ॥.....
ਸੋ 'ਪੰਡਿਤੁ' ਫਿਰਿ ਜੋਨਿ ਨ ਆਵੈ ॥੪॥੯॥
(ਸੁਖਮਨੀ ਮ: ੫, ਪੰਨਾ ੨੭੪)

(੭) ਨਾ ਕੋ ਪੜਿਆ 'ਪੰਡਿਤੁ' ਬੀਨਾ ਨਾ ਕੋ ਮੂਰਖੁ ਮੰਦਾ ॥੪॥੨॥੩੬॥
(ਆਸਾ ਮ: ੧, ਪੰਨਾ ੩੫੯)

(੮) ਙੰਙੈ ਙਿਆਨੁ ਬੁਝੈ ਜੇ ਕੋਈ ਪੜਿਆ 'ਪੰਡਿਤੁ' ਸੋਈ ॥੪॥
(ਆਸਾ ਮ: ੧ ਪਟੀ ਲਿਖੀ, ਪੰਨਾ ੪੩੨)

(੯) ਸੋ ਪੜਿਆ ਸੋ 'ਪੰਡਿਤੁ' ਬੀਨਾ ਗੁਰ ਸਬਦਿ ਕਰੇ ਵੀਚਾਰੁ ॥
ਅੰਦਰੁ ਖੋਜੈ ਤਤੁ ਲਹੈ ਪਾਏ ਮੋਖ ਦੁਆਰੁ ॥੧॥੨੧॥
(ਸੋਰਠਿ ਕੀ ਵਾਰ, ਪੰਨਾ ੬੫੦)

(੧੦) 'ਪੰਡਿਤੁ' ਹੋਇ ਕੈ ਬੇਦੁ ਬਖਾਨੈ ॥
ਮੂਰਖੁ ਨਾਮਦੇਉ ਰਾਮਹਿ ਜਾਨੈ ॥੨॥੧॥ *(ਟੋਡੀ ਨਾਮਦੇਉ ਜੀ, ਪੰਨਾ ੭੧੮)*

(੧੧) ਸਚੀ ਪਟੀ ਸਚੁ ਮਨਿ ਪੜੀਐ ਸਬਦੁ ਸੁ ਸਾਰੁ ॥
ਨਾਨਕ ਸੋ ਪੜਿਆ ਸੋ 'ਪੰਡਿਤੁ' ਬੀਨਾ
ਜਿਸੁ ਰਾਮ ਨਾਮੁ ਗਲਿ ਹਾਰੁ ॥੫੪॥੧॥
(ਦਖਣੀ ਓਅੰਕਾਰੁ ਮ: ੧, ਪੰਨਾ ੯੩੮)

(੧੨) ਸੋ 'ਪੰਡਿਤੁ' ਗੁਰ ਸਬਦੁ ਕਮਾਇ ॥
ਤ੍ਰੈਗੁਣ ਕੀ ਓਸੁ ਉਤਰੀ ਮਾਇ ॥੪॥੬॥੧੭॥ *(ਰਾਮਕਲੀ ਮ: ੫, ਪੰਨਾ ੮੮੮)*

(੧੩) 'ਪੰਡਿਤੁ' ਆਖਾਏ ਬਹੁਤੀ ਰਾਹੀ ਕੋਰੜ ਮੋਠ ਜਿਨੇਹਾ ॥
ਅੰਦਰਿ ਮੋਹੁ ਨਿਤ ਭਰਮਿ ਵਿਆਪਿਆ ਤਿਸਟਸਿ ਨਾਹੀ ਦੇਹਾ ॥੨॥੭॥
(ਰਾਮਕਲੀ ਕੀ ਵਾਰ ਮ: ੫, ਪੰਨਾ ੯੬੦)

(੧੪) 'ਪੰਡਿਤੁ' ਪੜਿ ਨ ਪਹੁਚਈ ਬਹੁ ਆਲ ਜੰਜਾਲਾ ॥
ਪਾਪ ਪੁੰਨ ਦੁਇ ਸੰਗਮੇ ਖੁਧਿਆ ਜਮਕਾਲਾ ॥੪॥੬॥
(ਮਾਰੂ ਮ: ੧ ਅਸਟਪਦੀਆ, ਪੰਨਾ ੧੦੧੨)

(੧੫) ਪੜਿ 'ਪੰਡਿਤੁ' ਅਵਰਾ ਸਮਝਾਏ ॥
ਘਰ ਜਲਤੇ ਕੀ ਖਬਰਿ ਨ ਪਾਏ ॥
ਬਿਨੁ ਸਤਿਗੁਰ ਸੇਵੇ ਨਾਮੁ ਨ ਪਾਈਐ ਪੜਿ ਥਾਕੇ ਸਾਂਤਿ ਨ ਆਈ ਹੇ ॥੫॥੩॥
(ਮਾਰੂ ਮ: ੩ ਸੋਲਹੇ, ਪੰਨਾ ੧੦੪੬)

(੧੬) ਹੋਵਾ 'ਪੰਡਿਤੁ' ਜੋਤਕੀ ਵੇਦ ਪੜਾ ਮੁਖਿ ਚਾਰਿ ॥
ਨਵ ਖੰਡ ਮਧੇ ਪੂਜੀਆ ਅਪਣੈ ਚਜਿ ਵੀਚਾਰਿ ॥੧॥੧੧॥
(ਮ: ੩, ਮਾਰੂ ਕੀ ਵਾਰ ਮ: ੩, ਪੰਨਾ ੧੦੯੦)

(੧੭) ਜੇ ਤੂੰ ਪੜਿਆ 'ਪੰਡਿਤੁ' ਬੀਨਾ ਦੁਇ ਅਖਰ ਦੁਇ ਨਾਵਾ ॥
ਪ੍ਰਣਵਤਿ ਨਾਨਕੁ ਏਕੁ ਲੰਘਾਏ ਜੇਕਰਿ ਸਚਿ ਸਮਾਵਾਂ ॥੩॥੨॥੧੦॥
(ਬਸੰਤ ਹਿੰਡੋਲ ਮ: ੧, ਪੰਨਾ ੧੧੭੧)

(੧੮) ਪਵਣੈ ਪਾਣੀ ਜਾਣੈ ਜਾਤਿ ॥
ਕਾਇਆ ਅਗਨਿ ਕਰੇ ਨਿਭਰਾਂਤਿ ॥
ਜੰਮਹਿ ਜੀਅ ਜਾਣੈ ਜੇ ਥਾਉ ॥
ਸੁਰਤਾ 'ਪੰਡਿਤੁ' ਤਾ ਕਾ ਨਾਉ ॥੧॥੧॥੬॥
(ਮਲਾਰ ਮ: ੧ ਘਰੁ ੨, ਪੰਨਾ ੧੨੫੬)

(੧੯) ਭੇਖਾਰੀ ਤੇ ਰਾਜੁ ਕਰਾਵੈ ਰਾਜਾ ਤੇ ਭੇਖਾਰੀ॥
ਖਲ ਮੂਰਖ ਤੇ 'ਪੰਡਿਤੁ' ਕਰਿਬੋ ਪੰਡਿਤ ਤੇ ਮੁਗਧਾਰੀ॥੩॥੨॥

(ਸਾਰੰਗ ਕਬੀਰ ਜੀ, ਪੰਨਾ ੧੨੫੨)

(੨੦) ਸੋਈ ਚਤੁਰੁ ਸਿਆਣਾ 'ਪੰਡਿਤੁ' ਸੋ ਸੂਰਾ ਸੋ ਦਾਨਾ॥
ਸਾਧ ਸੰਗਿ ਜਿਨਿ ਹਰਿ ਹਰਿ ਜਪਿਓ ਨਾਨਕ ਸੋ ਪਰਵਾਨਾ॥੨॥੬੭॥੯੦॥

(ਸਾਰੰਗ ਮ: ੫, ਪੰਨਾ ੧੨੨੧)

(੨੧) ਹੋਵਾ 'ਪੰਡਿਤੁ' ਜੋਤਕੀ ਵੇਦ ਪੜਾ ਮੁਖਿ ਚਾਰਿ॥
ਨਵਾ ਖੰਡਾ ਵਿਚਿ ਜਾਣੀਆ ਅਪਨੇ ਚਜ ਵੀਚਾਰ॥੩॥

(ਸਲੋਕ ਮ: ੩, ਵਾਰਾਂ ਤੇ ਵਧੀਕ, ਪੰਨਾ ੧੪੧੩)

(੨੨) ਨਾਉ ਫਕੀਰੈ ਪਾਤਿਸਾਹੁ ਮੂਰਖ 'ਪੰਡਿਤੁ' ਨਾਉ॥
ਅੰਧੇ ਕਾ ਨਾਉ ਪਾਰਖੂ ਏਵੈ ਕਰੇ ਗੁਆਉ॥੧॥੨੨॥

(ਮ: ੨, ਮਲਾਰ ਕੀ ਵਾਰ, ਪੰਨਾ ੧੨੮੮)

(੨੩) ਸੋ ਪੜਿਆ ਸੋ 'ਪੰਡਿਤੁ' ਬੀਨਾ
ਜਿਨ੍ਹੀ ਕਮਾਣਾ ਨਾਉ॥੨॥੨੨॥ *(ਮ: ੧, ਮਲਾਰ ਕੀ ਵਾਰ, ਪੰਨਾ ੧੨੮੮)*

(੨੪) ਸੋ ਪੰਡਿਤੁ ਜੋ ਤਿਹਾਂ ਗੁਣਾ ਕੀ ਪੰਡ ਉਤਾਰੈ॥
ਅਨਦਿਨੁ ਏਕੋ ਨਾਮੁ ਵਖਾਣੈ॥.....
ਸਦਾ ਅਲਗੁ ਰਹੈ ਨਿਰਬਾਣੁ॥
ਸੋ 'ਪੰਡਿਤੁ' ਦਰਗਹ ਪਰਵਾਣੁ॥੩॥੧॥੧੦॥

(ਮਲਾਰ ਮ: ੩ ਘਰੁ ੨, ਪੰਨਾ ੧੨੬੧)

(ਅ) ਕਰਤਾ ਕਾਰਕ, ਬਹੁ-ਵਚਨ :

(੧) ਗਾਵਨਿ 'ਪੰਡਿਤ' ਪੜਨਿ ਰਖੀਸਰ ਜੁਗੁ ਜੁਗੁ ਵੇਦਾ ਨਾਲੇ॥੨੭॥

(ਜਪੁ ਮ: ੧, ਪੰਨਾ ੬)

(੨) ਗਾਵਨਿ ਤੁਧਨੋ 'ਪੰਡਿਤ' ਪੜਨਿ ਰਖੀਸੁਰ ਜੁਗੁ ਜੁਗੁ ਵੇਦਾ ਨਾਲੇ॥੧॥

(ਸੋਦਰ ਆਸਾ ਮ: ੧, ਪੰਨਾ ੯)

(੩) ਪੜਿ ਪੜਿ 'ਪੰਡਿਤ' ਜੋਤਕੀ ਵਾਦ ਕਰਹਿ ਬੀਚਾਰੁ॥੩॥੩॥੩੬॥

(ਸਿਰੀ ਰਾਗੁ ਮ: ੩, ਪੰਨਾ ੨੭)

(੪) ‘ਪੰਡਿਤ’ ਵਾਚਹਿ ਪੋਥੀਆ ਨਾ ਬੂਝਹਿ ਵੀਚਾਰੁ ॥੬॥੫॥

(ਸਿਰੀ ਰਾਗੁ ਮ: ੧ ਅਸਟਪਦੀਆ, ਪੰਨਾ ੫੬)

(੫) ਕੇਤੇ ‘ਪੰਡਿਤ’ ਜੋਤਕੀ ਬੇਦਾ ਕਰਹਿ ਬੀਚਾਰੁ ॥੭॥੫॥

(ਸਿਰੀ ਰਾਗੁ ਮ: ੧ ਅਸਟਪਦੀਆ, ਪੰਨਾ ੫੬)

(੬) ਪੜਿ ਪੜਿ ‘ਪੰਡਿਤ’ ਮੋਨੀ ਥਕੇ ਦੂਜੈ ਭਾਇ ਪਤਿ ਖੋਈ ॥੭॥੧੭॥੮॥੨੫॥

(ਸਿਰੀ ਰਾਗੁ ਮ: ੫ ਅਸਟਪਦੀਆ, ਪੰਨਾ ੭੦)

(੭) ‘ਪੰਡਿਤ’ ਪੜਹਿ ਸਾਦੁ ਨ ਪਾਵਹਿ ॥੨॥੧੨॥੧੩॥

(ਮਾਝ ਮ: ੩, ਪੰਨਾ ੧੧੬)

(੮) ਪੜਿ ਪੜਿ ‘ਪੰਡਿਤ’ ਮੋਨੀ ਥਕੇ
ਚਉਥੇ ਪਦ ਕੀ ਸਾਰ ਨ ਪਾਵਣਿਆ ॥੫॥੧੨॥੧੩॥

(ਮਾਝ ਮ: ੩, ਪੰਨਾ ੧੧੭)

(੯) ਮਨਮੁਖ ਪੜਹਿ ‘ਪੰਡਿਤ’ ਕਹਾਵਹਿ ॥੧॥੩੦॥੩੧॥

(ਮਾਝ ਮ: ੩, ਪੰਨਾ ੧੨੭)

(੧੦) ‘ਪੰਡਿਤ’ ਪੜਹਿ ਵਖਾਣਹਿ ਵੇਦ ॥੪॥੨੧॥ *(ਆਸਾ ਮ: ੧, ਪੰਨਾ ੩੫੫)*

(੧੧) ‘ਪੰਡਿਤ’ ਪਾਧੇ ਜੋਇਸੀ ਨਿਤ ਪੜਹਿ ਪੁਰਾਣਾ ॥੪॥੧੪॥

(ਆਸਾ ਮ: ੧ ਅਸਟਪਦੀਆ, ਪੰਨਾ ੪੧੯)

(੧੨) ‘ਪੰਡਿਤ’ ਪੜਦੇ ਜੋਤਿਕੀ ਤਿਨ ਬੂਝ ਨ ਪਾਇ ॥੫॥੨॥੨੭॥

(ਆਸਾ ਮ: ੩ ਅਸਟਪਦੀਆ, ਪੰਨਾ ੪੨੫)

(੧੩) ਪੜਿ ਪੜਿ ‘ਪੰਡਿਤ’ ਮੋਨੀ ਥਾਕੇ ਭੇਖੀ ਮੁਕਤਿ ਨ ਪਾਈ ॥੩॥੧॥੬॥

(ਆਸਾ ਮ: ੩ ਛੰਤ ਘਰੁ ੧, ਪੰਨਾ ੪੪੦)

(੧੪) ਮੂਰਖ ‘ਪੰਡਿਤ’ ਹਿਕਮਤਿ ਹੁਜਤਿ ਸੰਜੈ ਕਰਹਿ ਪਿਆਰੁ ॥੨॥੧੧॥

(ਆਸਾ ਦੀ ਵਾਰ, ਪੰਨਾ ੪੬੯)

(੧੫) ‘ਪੰਡਿਤ’ ਭੁਲਿ ਭੁਲਿ ਮਾਇਆ ਵੇਖਹਿ,
ਦਿਖਾ ਕਿਨੈ ਕਿਹੁ ਆਣਿ ਚੜਾਇਆ ॥੨॥੧੨॥

(ਗੂਜਰੀ ਕੀ ਵਾਰ ਮ: ੩, ਪੰਨਾ ੫੧੩)

(੧੬) ਪੜਿ ਪੜਿ ‘ਪੰਡਿਤ’ ਵਾਦੁ ਵਖਾਣਹਿ ਬਿਨੁ ਬੂਝੇ ਸੁਖੁ ਨ ਹੋਈ ॥੨॥੪॥

(ਵਡਹੰਸੁ ਮ: ੩ ਛੰਤ, ਪੰਨਾ ੫੭੦)

(੧੭) 'ਪੰਡਿਤ' ਜੋਤਕੀ ਸਭਿ ਪੜਿ ਪੜਿ ਕੂਕਦੇ
ਕਿਸੁ ਪਹਿ ਕਰਹਿ ਪੁਕਾਰਾ ਰਾਮ ॥੩॥੫॥

(ਵਡਹੰਸੁ ਮ: ੩ ਛੰਤ, ਪੰਨਾ ੫੭੧)

(੧੮) ਘਰਿ ਘਰਿ ਪੜਿ ਪੜਿ 'ਪੰਡਿਤ' ਥਕੇ ਸਿਧ ਸਮਾਧਿ ਲਗਾਇ ॥੨॥੬॥

(ਸੋਰਠਿ ਕੀ ਵਾਰ, ਪੰਨਾ ੬੪੪)

(੧੯) 'ਪੰਡਿਤ ਮੈਲੁ' ਨ ਚੁਕਈ ਜੇ ਵੇਦ ਪੜੈ ਜੁਗ ਚਾਰਿ ॥
(ਪੰਡਿਤ ਮੈਲੁ—ਪੰਡਿਤ ਦੀ ਮੈਲ।) *(ਸੋਰਠਿ ਕੀ ਵਾਰ, ਪੰਨਾ ੬੪੭)*

'ਪੰਡਿਤ' ਭੂਲੇ ਦੂਜੈ ਲਾਗੇ ਮਾਇਆ ਕੈ ਵਾਪਾਰਿ ॥੧॥੧੩॥

(ਸੋਰਠਿ ਕੀ ਵਾਰ, ਪੰਨਾ ੬੪੭)

(੨੦) ਬੇਦ ਪੜੇ ਪੜਿ 'ਪੰਡਿਤ' ਮੂਏ ਰੂਪੁ ਦੇਖਿ ਦੇਖਿ ਨਾਰੀ ॥੩॥੧॥

(ਸੋਰਠਿ ਕਬੀਰ ਜੀ, ਪੰਨਾ ੬੫੪)

(੨੧) ਕਾਲ ਗ੍ਰਸਤ ਸਭ ਲੋਗ ਸਿਆਨੇ ਉਠਿ 'ਪੰਡਿਤ' ਪੈ ਚਲੇ ਨਿਰਾਸਾ ॥੧॥੩॥

(ਸੋਰਠਿ ਕਬੀਰ ਜੀ, ਪੰਨਾ ੬੫੪)

(੨੨) 'ਪੰਡਿਤ' ਪਾਧੇ ਆਣਿ ਪਤੀ ਬਹਿ ਵਾਚਾਈਆ ਬਲਿਰਾਮ ਜੀਉ ॥੪॥੧॥

(ਸੂਹੀ ਮ: ੪ ਛੰਤ ਘਰੁ ੧, ਪੰਨਾ ੭੭੩)

(੨੩) ਪੜ੍ਹਿ ਪੜ੍ਹਿ 'ਪੰਡਿਤ' ਕਰਹਿ ਬੀਚਾਰ ॥੧॥੧੭॥

(ਮ: ੧, ਸੂਹੀ ਕੀ ਵਾਰ, ਪੰਨਾ ੭੯੧)

(੨੪) 'ਪੰਡਿਤ' ਪੜਿ ਪੜਿ ਮੋਨੀ ਭੁਲੇ ਦੂਜੈ ਭਾਇ ਚਿਤੁ ਲਾਇਆ ॥੧॥੮॥

(ਮ: ੩, ਬਿਲਾਵਲੁ ਕੀ ਵਾਰ ਮ: ੪, ਪੰਨਾ ੮੫੨)

(੨੫) 'ਪੰਡਿਤ' ਰੋਵਹਿ ਗਿਆਨੁ ਗਵਾਇ ॥੧॥੧੪॥

(ਮ: ੧, ਰਾਮਕਲੀ ਕੀ ਵਾਰ ਮ: ੩, ਪੰਨਾ ੯੫੪)

(੨੬) 'ਪੰਡਿਤ' ਪੜਦੇ ਜੋਤਕੀ ਨਾ ਬੂਝਹਿ ਬੀਚਾਰਾ ॥੪॥

(ਰਾਮਕਲੀ ਕੀ ਵਾਰ ਮ: ੩, ਪੰਨਾ ੯੪੮)

(੨੭) 'ਪੰਡਿਤ' ਪੜਹਿ ਪੜਿ ਵਾਦੁ ਵਖਾਣਹਿ ਤਿੰਨਾ ਬੂਝ ਨ ਪਾਈ ॥੧੮॥੨॥੧੧॥

(ਰਾਮਕਲੀ ਮ: ੩ ਅਸਟਪਦੀਆ, ਪੰਨਾ ੯੦੯)

(੨੮) ਇਕਿ ਪਾਧੇ 'ਪੰਡਿਤ' ਮਿਸਰ ਕਹਾਵਹਿ ॥੭॥੪॥

(ਰਾਮਕਲੀ ਮ: ੧ ਅਸਟਪਦੀਆ, ਪੰਨਾ ੯੦੪)

(੨੯) ਪੋਥੀ 'ਪੰਡਿਤ' ਰਹੇ ਪੁਰਾਣ॥੭॥੧॥

(ਰਾਮਕਲੀ ਮ: ੧ ਅਸਟਪਦੀਆ, ਪੰਨਾ ੯੦੩)

(੩੦) ਹਮ ਬਡ ਕਬਿ ਕੁਲੀਨ ਹਮ 'ਪੰਡਿਤ' ਹਮ ਜੋਗੀ ਸੰਨਿਆਸੀ॥੨॥੧॥

(ਰਾਮਕਲੀ ਰਵਿਦਾਸ ਜੀ, ਪੰਨਾ ੯੭੪)

(੩੧) ਬਾਹਰਹੁ 'ਪੰਡਿਤ' ਸਦਾਇਦੇ ਮਨਹੁ ਮੂਰਖ ਗਾਵਾਰ॥੧॥੧੬॥

(ਮਾਰੂ ਕੀ ਵਾਰ ਮਹਲਾ ੩, ਪੰਨਾ ੧੦੯੧)

(੩੨) ਜੋਗੀ ਗਿ੍ਹੀ 'ਪੰਡਿਤ' ਭੇਖਧਾਰੀ॥੧॥੨॥

(ਭੈਰਉ ਮ: ੩, ਪੰਨਾ ੧੧੨੮)

(੩੩) 'ਪੰਡਿਤ' ਜਨ ਮਾਤੇ ਪੜ੍ਹਿ ਪੁਰਾਨ॥੧॥੨॥

(ਬਸੰਤ ਕਬੀਰ ਜੀ, ਪੰਨਾ ੧੧੯੩)

(੩੪) 'ਪੰਡਿਤ' ਮੋਨੀ ਪੜਿ ਪੜਿ ਥਕੇ ਭੇਖ ਥਕੇ ਤਨੁ ਧੋਇ॥੨॥੩੩॥

(ਮ: ੩, ਸਾਰੰਗ ਕੀ ਵਾਰ, ਪੰਨਾ ੧੨੫੦)

(੩੫) ਪੜਿ ਪੜਿ 'ਪੰਡਿਤ' ਮੁੋਨੀ ਥਕੇ ਮਾਇਆ ਮੋਹ ਸੁਆਇ॥੧॥੩੧॥

(ਮ: ੩, ਸਾਰੰਗ ਕੀ ਵਾਰ, ਪੰਨਾ ੧੨੪੯)

(੩੬) ਪੜਿ ਪੜਿ 'ਪੰਡਿਤ' ਵਾਦੁ ਵਖਾਣਦੇ ਦੇਸੰਤਰੁ ਭਵਿ ਥਕੇ ਭੇਖਧਾਰੀ॥੧॥੨੪॥

(ਮ: ੩, ਸਾਰੰਗ ਕੀ ਵਾਰ, ਪੰਨਾ ੧੨੪੬)

(੩੭) 'ਪੰਡਿਤ' ਪੜ੍ਹਿ ਪੜ੍ਹਿ ਮੋਨੀ ਸਭਿ ਥਾਕੇ ਭ੍ਰਮਿ ਭੇਖ ਥਕੇ ਭੇਖਧਾਰੀ॥੪॥੨॥

(ਸਾਰੰਗ ਮ: ੩ ਅਸਟਪਦੀਆ, ਪੰਨਾ ੧੨੩੪)

(੩੮) ਸੰਨਿਆਸੀ ਤਪਸੀਅਹ ਮੁਖਹੁ ਏ 'ਪੰਡਿਤ' ਮਿਠੇ॥੨॥੨੦॥

(ਸਵਈਏ ਮਹਲੇ ਤੀਜੇ ਕੇ॥ ਭਿਖਾ, ਪੰਨਾ ੧੩੯੫)

ਆਓ, ਹੁਣ ਵੇਖੀਏ, ਇਹ ਨਿਯਮ ਮਨ-ਘੜਤ ਹੀ ਹੈ, ਜਾਂ ਬੋਲੀ ਦੇ ਇਤਿਹਾਸ ਨਾਲ ਇਸ ਦਾ ਕੋਈ ਡੂੰਘਾ ਸੰਬੰਧ ਹੈ।

ਸੰਸਕ੍ਰਿਤ ਧਾਤੂ 'ਯਾ' (या) ਦਾ ਅਰਥ ਹੈ 'ਜਾਣਾ'। ਵਾਕ 'ਰਾਮ ਜਾਂਦਾ ਹੈ' ਨੂੰ ਸੰਸਕ੍ਰਿਤ ਵਿਚ ਅਸੀ ਇਉਂ ਲਿਖਾਂਗੇ :

रामो याति (ਰਾਮੋ ਯਾਤਿ);

ਸੰਸਕ੍ਰਿਤ ਵਿਚ ਕਰਤਾ-ਵਾਚਕ, ਇਕ-ਵਚਨ ਦਾ ਚਿਹਨ 'ਸ੍' (:) ਹੈ, ਜੋ ਕਈ ਥਾਈਂ 'ਤ' (_) ਬਣ ਜਾਂਦਾ ਹੈ।

ਜਿਸ ਅੱਖਰ ਨੂੰ ਪੰਜਾਬੀ ਵਿਚ ਅਸੀ ਮੁਕਤਾ-ਅੰਤ ਆਖਦੇ ਹਾਂ, ਸੰਸਕ੍ਰਿਤ

ਵਿਚ ਉਸ ਦੇ ਅੰਤ ਵਿਚ 'ਅ' ('अ') ਸਮਝਿਆ ਜਾਂਦਾ ਹੈ, 'राम' (ਰਾਮ) ਸ਼ਬਦ ਦੇ ਅੰਤਲੇ 'म' ਵਿਚ 'अ' (ਅ) ਭੀ ਸ਼ਾਮਲ ਹੈ।

'रामो याति' (ਰਾਮੋ ਯਾਤਿ)

ਅਸਲ ਵਿਚ ਪਹਿਲਾਂ ਇਉਂ ਹੈ:

'रामः याति' (ਰਾਮ ਯਾਤਿ)

'राम' (ਰਾਮः) ਦਾ ਅੰਤਲਾ ਚਿਹਨ (:) 'उ' ਬਣ ਕੇ, ਲਫ਼ਜ਼ 'राम' ਦੇ ਅੰਤਲੇ 'अ' (ਅ) ਦੇ ਨਾਲ ਮਿਲ ਕੇ (ੳ) ਬਣ ਜਾਂਦਾ ਹੈ, ਤੇ ਸਾਰਾ ਵਾਕ

'रामो याति' (ਰਾਮੋ ਯਾਤਿ) ਹੋ ਗਿਆ ਹੈ।

ਪਰ 'ਪ੍ਰਾਕ੍ਰਿਤ' ਵਿਚ ਅੱਖਰਾਂ ਦੇ ਅੰਤਲੇ 'ਅ' ਦੀ ਵੱਖਰੀ ਹਸਤੀ ਨਹੀਂ ਮੰਨੀ ਗਈ। ਸੋ (:) ਦੇ 'उ' (ੁ) ਬਣਨ ਤੇ, ਇਹ (ੁ) ਪਹਿਲੇ ਲਫ਼ਜ਼ ਦੇ ਨਾਲ ਸਿੱਧਾ ਹੀ ਵਰਤਿਆ ਗਿਆ। ਸੰਸਕ੍ਰਿਤ ਦਾ ਸ਼ਬਦ 'रामो' (ਰਾਮੋ) ਪ੍ਰਾਕ੍ਰਿਤ ਵਿਚ 'रामु' (ਰਾਮੁ) ਹੋ ਗਿਆ।

ਸੰਸਕ੍ਰਿਤ ਦੇ ਕਈ ਸ਼ਬਦਾਂ ਦਾ ਮੁਢਲਾ 'ਯ' (य) ਪ੍ਰਾਕ੍ਰਿਤ ਅਤੇ ਪੰਜਾਬੀ ਵਿਚ 'ਜ' (ज) ਬਣ ਗਿਆ, ਕਿਉਂਕਿ 'ਜ' ਅਤੇ 'ਯ' ਦਾ ਉਚਾਰਣ ਅਸਥਾਨ ਇੱਕੋ ਹੀ ਹੈ (ਜੀਭ ਨੂੰ ਤਾਲੂ ਦੇ ਨਾਲ ਲਗਾਉਣਾ), ਜਿਵੇਂ:

यव (ਯਵ) — ਜਉਂ   यमुना (ਯਮੁਨਾ) — ਜਮੁਨਾ।

यज्ञ (ਯਗਯ) — ਜੱਗ   यति (ਯਤਿ) — ਜਤੀ।

ਇਸੇ ਤਰ੍ਹਾਂ ਵਾਕ रामो याति (ਰਾਮੋ ਯਾਤਿ) ਦੇ 'ਯਾਤਿ' ਦਾ 'ਯ' 'ਜ' ਬਣ ਕੇ, ਸਾਰਾ ਵਾਕ ਪ੍ਰਾਕ੍ਰਿਤ ਵਿਚ ਇਉਂ ਹੋ ਗਿਆ:

रामु जादि (ਰਾਮੁ ਜਾਦਿ),

ਇਹੀ ਵਾਕ ਪੁਰਾਤਨ ਪੰਜਾਬੀ ਵਿਚ 'ਰਾਮੁ ਜਾਂਦਾ' ਬਣ ਗਿਆ।

ਇਸ ਸਾਰੀ ਵਿਚਾਰ ਤੋਂ ਅਸਾਂ ਇਹ ਵੇਖ ਲਿਆ ਹੈ ਕਿ ਇਹ (ੁ) ਬੋਲੀ ਦੇ ਇਤਿਹਾਸ ਵਿਚ ਇਕ ਖ਼ਾਸ ਮੁੱਲ ਰੱਖਦਾ ਹੈ, ਅਤੇ ਇਸੇ ਤਰ੍ਹਾਂ ਗੁਰਬਾਣੀ ਦੀ ਬੋਲੀ ਦੇ ਹੋਰ ਵਿਆਕਰਣਿਕ ਨਿਯਮ ਲੱਭਣੇ ਮਨ-ਘੜਤ ਗੱਲਾਂ ਨਹੀਂ ਹਨ।

(ੲ) ਸੰਬੋਧਨ

(੧) **'ਪੰਡਿਤ' ਹਰਿ ਪੜੁ ਤਜਹੁ ਵਿਕਾਰਾ॥੧॥ਰਹਾਉ॥੨॥**

(ਗਉੜੀ ਮ: ੩ ਅਸਟਪਦੀਆ, ਪੰਨਾ ੨੨੯)

'ਪੰਡਿਤ'—ਹੇ ਪੰਡਿਤ!

(੨) ਕਹੁ ਰੇ 'ਪੰਡਿਤ' ਬਾਮਨ ਕਬ ਕੇ ਹੋਏ ॥੧॥ਰਹਾਉ॥੭॥
(ਗਉੜੀ ਕਬੀਰ ਜੀ, ਪੰਨਾ ੩੨੪)

(੩) ਕਹੁ ਰੇ 'ਪੰਡਿਤ' ਅੰਬਰੁ ਕਾ ਸਿਉ ਲਾਗਾ ॥੧॥ਰਹਾਉ॥੨੯॥
(ਗਉੜੀ ਕਬੀਰ ਜੀ, ਪੰਨਾ ੩੨੯)

(੪) ਤੁਧੁ ਸਿਰਿ ਲਿਖਿਆ ਸੋ ਪੜੁ 'ਪੰਡਿਤ' ਅਵਰਾ ਨੋ ਨ ਸਿਖਾਲਿ ਬਿਖਿਆ ॥੫॥
(ਆਸਾ ਮ: ੩ ਪਟੀ, ਪੰਨਾ ੪੩੫)

(੫) ਏਕੋ ਨਾਮੁ ਨਿਧਾਨੁ 'ਪੰਡਿਤ' ਸੁਣਿ ਸਿਖ ਸਚੁ ਸੋਈ ॥੧॥੭॥੯॥
(ਗੂਜਰੀ ਮ: ੩ ਤੀਜਾ, ਪੰਨਾ ੪੯੨)

(੬) ਸੁਣਿ 'ਪੰਡਿਤ' ਕਰਮਾਕਾਰੀ ॥ਰਹਾਉ॥੨॥
(ਸੋਰਠਿ ਮ: ੧ ਅਸਟਪਦੀਆ, ਪੰਨਾ ੬੩੫)

(੭) 'ਪੰਡਿਤ' ਦਹੀ ਵਿਲੋਈਐ ਭਾਈ ਵਿਚਹੁ ਨਿਕਲੈ ਤਥੁ ॥੫॥੨॥
(ਸੋਰਠਿ ਮ: ੧ ਅਸਟਪਦੀਆ, ਪੰਨਾ ੬੩੫)

(੮) 'ਪੰਡਿਤ' ਤਿਨ ਕੀ ਬਰਕਤੀ ਸਭੁ ਜਗਤੁ ਖਾਇ ਜੋ ਰਤੇ ਹਰਿ ਨਾਇ ॥.....
'ਪੰਡਿਤ' ਦੂਜੇ ਭਾਇ ਬਰਕਤਿ ਨ ਹੋਵਈ ਨਾ ਧਨੁ ਪਲੈ ਪਾਇ ॥੨॥੧੨॥
(ਸੋਰਠਿ ਕੀ ਵਾਰ, ਪੰਨਾ ੬੪੭)

(੯) ਰਾਮ ਨਾਮ ਗੁਣ ਗਾਇ 'ਪੰਡਿਤ' ॥
ਕਰਮ ਕਾਂਡ ਅਹੰਕਾਰੁ ਨ ਕਾਜੈ,
ਕੁਸਲ ਸੇਤੀ ਘਰਿ ਜਾਹਿ 'ਪੰਡਿਤ' ॥੧॥ਰਹਾਉ॥੨੮॥
(ਰਾਮਕਲੀ ਮ: ੫, ਪੰਨਾ ੮੯੧)

(੧੦) 'ਪੰਡਿਤ' ਬੇਦੁ ਬੀਚਾਰਿ 'ਪੰਡਿਤ' ॥
ਮਨ ਕਾ ਕ੍ਰੋਧੁ ਨਿਵਾਰਿ 'ਪੰਡਿਤ' ॥੧॥ਰਹਾਉ॥੧੭॥
(ਰਾਮਕਲੀ ਮ: ੫, ਪੰਨਾ ੮੮੭)

(੧੧) ਕਹੁ 'ਪੰਡਿਤ' ਸੂਚਾ ਕਵਨੁ ਠਾਉ ॥੧॥ਰਹਾਉ॥੧॥੭॥
(ਬਸੰਤੁ ਕਬੀਰ ਜੀ, ਪੰਨਾ ੧੧੯੫)

(੧੨) ਦੁਇ ਮਾਈ ਦੁਇ ਬਾਪਾ ਪੜੀਅਹਿ 'ਪੰਡਿਤ' ਕਰਹੁ ਬੀਚਾਰੋ ॥੧॥੩॥੧੧॥
(ਬਸੰਤ ਹਿੰਡੋਲ ਮਹਲਾ ੧, ਪੰਨਾ ੧੧੭੧)

(੧੩) 'ਪੰਡਿਤ' ਇਸੁ ਮਨ ਕਾ ਕਰਹੁ ਬੀਚਾਰੁ ॥੧॥ਰਹਾਉ॥੧੦॥
(ਮਲਾਰ ਮਹਲਾ ੩ ਘਰੁ ੨, ਪੰਨਾ ੧੨੬੧)

(੨) ਪੜਹਿ

ਇਹ ਕ੍ਰਿਆ 'ਬਹੁ-ਵਚਨ' ਹੈ, ਇਸ ਦਾ ਇਕ-ਵਚਨ 'ਪੜ੍ਹੈ' ਹੈ, ਜਿਵੇਂ:
ਗਾਵੈ—ਇਕ-ਵਚਨ। ਗਾਵਹਿ—ਬਹੁ-ਵਚਨ।
ਕਰੈ—ਇਕ-ਵਚਨ। ਕਰਹਿ—ਬਹੁ-ਵਚਨ।

ਪ੍ਰਮਾਣ :

(੧) **ਪੰਡਿਤ 'ਪੜਹਿ' ਸਾਦੁ ਨ ਪਾਵਹਿ ॥੨॥੧੨॥੧੩॥**
(ਮਾਝ ਮ: ੩, ਪੰਨਾ ੧੧੬)

(੨) **ਮਨਮੁਖ 'ਪੜਹਿ' ਪੰਡਿਤ ਕਹਾਵਹਿ ॥੧॥੩੦॥੩੧॥**
(ਮਾਝ ਮ: ੩, ਪੰਨਾ ੧੨੭)

(੩) **ਪੰਡਿਤ 'ਪੜਹਿ' ਵਖਾਣਹਿ ਵੇਦ ॥੪॥੨੧॥** *(ਆਸਾ ਮ: ੧, ਪੰਨਾ ੩੫੫)*,
ਇਥੇ ਲਫ਼ਜ਼ 'ਪੜਹਿ' 'ਬਹੁ-ਵਚਨ' ਹੈ।

(੪) **ਦੂਜੇ ਭਾਇ 'ਪੜਹਿ' ਨਿਤ ਬਿਖਿਆ ਨਾਵਹੁ ਦਯਿ ਖੁਆਇਆ ॥੨॥੧੨॥**
(ਗੂਜਰੀ ਕੀ ਵਾਰ ਮ: ੩, ਪੰਨਾ ੫੧੩)

(੫) **ਵੇਦ 'ਪੜਹਿ' ਤੈ ਵਾਦ ਵਖਾਣਹਿ ਬਿਨੁ ਹਰਿ ਪਤਿ ਗਵਾਈ ॥੭॥੧॥**
(ਸੋਰਠਿ ਮ: ੩ ਅਸਟਪਦੀਆ, ਪੰਨਾ ੬੩੮)

(੬) **ਧੋਤੀ ਊਜਲ ਤਿਲਕੁ ਗਲਿ ਮਾਲਾ ॥**
ਅੰਤਰਿ ਕ੍ਰੋਧੁ 'ਪੜਹਿ' ਨਟਸਾਲਾ ॥੪॥੨॥
(ਬਿਲਾਵਲੁ ਮ: ੧ ਘਰੁ ੧੦, ਪੰਨਾ ੮੩੨)

(੭) **ਬੇਦ 'ਪੜਹਿ' ਹਰਿ ਨਾਮੁ ਨ ਬੂਝਹਿ ॥**
ਮਾਇਆ ਕਾਰਣਿ ਪੜਿ ਪੜਿ ਲੂਝਹਿ ॥੧੪॥੬॥
(ਮਾਰੂ ਮ: ੩ ਸੋਲਹੇ, ਪੰਨਾ ੧੦੫੦)

(੮) **ਮੂਰਖ 'ਪੜਹਿ' ਸਬਦੁ ਨ ਬੂਝਹਿ ਗੁਰਮੁਖਿ ਵਿਰਲੇ ਜਾਤਾ ਹੇ ॥੧੫॥੯॥**
(ਮਾਰੂ ਮ: ੩ ਸੋਲਹੇ, ਪੰਨਾ ੧੦੫੩)

(੯) **ਬੇਦ 'ਪੜਹਿ' ਪੜਿ ਬਾਦੁ ਵਖਾਣਹਿ ॥੧੧॥੫॥੧੪॥**
(ਮਾਰੂ ਮ: ੩ ਸੋਲਹੇ, ਪੰਨਾ ੧੦੫੮)

(੧੦) **ਬੇਦ 'ਪੜਹਿ' ਸੰਪੂਰਨਾ ਤਤੁ ਸਾਰੁ ਨ ਪੇਖੰ ॥੧੩॥**
(ਮਾਰੂ ਵਾਰ ਮ: ੫ ਡਖਣੇ, ਪੰਨਾ ੧੦੯੯)

(੧੧) ਸਿੰਮ੍ਰਿਤਿ ਸਾਸਤ੍ਰ 'ਪੜਹਿ' ਮੁਨਿ ਕੇਤੇ,
ਬਿਨੁ ਸਬਦੈ ਸੁਰਤਿ ਨ ਪਾਈ॥੨॥੧॥੧੧॥

(ਭੈਰਉ ਮ: ੩ ਘਰੁ ੨, ਪੰਨਾ ੧੧੩੦)

(੧੨) ਅੰਦਰਿ ਕਪਟੁ ਉਦਰੁ ਭਰਣ ਕੈ ਤਾਈ ਪਾਠ 'ਪੜਹਿ' ਗਾਵਾਰੀ॥੧॥੨੪॥

(ਮ: ੩, ਸਾਰੰਗ ਕੀ ਵਾਰ, ਪੰਨਾ ੧੨੪੬)

ਲਫ਼ਜ਼ 'ਪੰਡਿਤ', 'ਪੰਡਿਤੁ' ਅਤੇ 'ਪੜਹਿ' ਸੰਬੰਧੀ ਗੁਰਬਾਣੀ ਵਿਚੋਂ ਕਈ ਪ੍ਰਮਾਣ ਪੜ੍ਹ ਕੇ ਅਸੀ ਸਮਝ ਚੁਕੇ ਹਾਂ ਕਿ ਇਸ ਪਉੜੀ ਦੀ ਤੁਕ ਵਿਚ ਵਰਤਿਆ ਹੋਇਆ ਲਫ਼ਜ਼ 'ਪੰਡਿਤ' ਬਹੁ-ਵਚਨ ਹੈ, ਭਾਵ, ਇਥੇ ਕਿਸੇ ਇਕ ਪੰਡਿਤ ਵਲ ਇਸ਼ਾਰਾ ਨਹੀਂ ਹੈ; 'ਕਈ ਪੰਡਿਤਾਂ ਨੂੰ' ਸੱਦਣ ਦਾ ਹੁਕਮ ਹੈ, ਜੋ ਆ ਕੇ 'ਹਰਿ ਕਥਾ' ਅਤੇ 'ਹਰਿ ਨਾਮੁ' ਰੂਪ ਪੁਰਾਣ ਪੜ੍ਹਨ। ਜੇ 'ਕਿਰਿਆ ਕਰਮ' ਕਰਾਣ ਦਾ ਹਜ਼ੂਰ ਹੁਕਮ ਦੇਂਦੇ, ਤਾਂ 'ਕੇਵਲ ਇਕ ਅਚਾਰਜ' ਨੂੰ ਸੱਦਣ ਦਾ ਸੁਨੇਹਾ ਹੁੰਦਾ। ਕਦੇ ਕਿਸੇ ਘਰ ਕਿਰਿਆ ਵਾਸਤੇ ਬਹੁਤੇ ਅਚਾਰਜਾਂ ਦੀ ਲੋੜ ਨਹੀਂ ਪੈਂਦੀ। ਹਿੰਦੂ ਸੱਜਣਾਂ ਵਿਚ ਹਰੇਕ ਘਰ ਦਾ 'ਇਕ ਹੀ' ਅਚਾਰਜ ਹੁੰਦਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਹਿੰਦੂ ਬਰਾਦਰੀ ਵਿਚ ਘਰ ਦਾ ਇਕ ਪੁਰੋਹਿਤ ਭੀ ਹੁੰਦਾ ਹੈ, ਪਰ ਪੁਰੋਹਿਤ ਕਿਰਿਆ ਦਾ ਧਾਨ ਨਹੀਂ ਖਾਂਦੇ, ਇਸ ਨੂੰ ਕੇਵਲ ਅਚਾਰਜ ਹੀ ਵਰਤਦੇ ਤੇ ਲੈਂਦੇ ਹਨ।

ਸੋ, ਇਸ ਤੁਕ ਵਿਚ ਨਾ ਕਿਸੇ ਅਚਾਰਜ ਵਲ ਅਤੇ ਨਾ ਹੀ ਕਿਸੇ ਪੁਰੋਹਿਤ ਵਲ ਇਸ਼ਾਰਾ ਹੈ।

(੩) ਹਰਿਸਰਿ

ਇਸ ਦਾ ਅਰਥ ਹੈ 'ਹਰਿਸਰ ਵਿਚ'।

(ੳ) ਹਿੰਦੂ ਧਰਮ ਦੇ ਗੰਗਾ ਦੇ ਕੰਢੇ ਵਾਲੇ ਤੀਰਥ ਦਾ ਆਮ ਪਰਸਿੱਧ ਨਾਮ 'ਹਰਿਦੁਆਰ' ਹੈ, ਕਦੇ ਕਿਸੇ ਹਿੰਦੂ ਸੱਜਣ ਦੇ ਮੂੰਹੋਂ ਭੀ ਇਸ ਦਾ ਨਾਮ 'ਹਰਿਸਰ' ਸੁਣਨ ਵਿਚ ਨਹੀਂ ਆਇਆ। ਕੋਸ਼ ਵਿਚ ਭੀ ਨਾਮ 'ਹਰਿਦੁਆਰ' ਹੈ, 'ਹਰਿਸਰ' ਨਹੀਂ।

(ਅ) ਲਫ਼ਜ਼ 'ਹਰਿਦੁਆਰ' ਗੁਰਬਾਣੀ ਵਿਚ ਕਈ ਥਾਈਂ ਆਇਆ ਹੈ; ਪਰ ਉਸ ਦਾ ਇਸ਼ਾਰਾ ਇਸ ਹਿੰਦੂ-ਤੀਰਥ ਵਲ ਕਿਤੇ ਨਹੀਂ ਹੈ, ਉਸ ਦਾ ਅਰਥ ਹੈ 'ਅਕਾਲ-ਪੁਰਖ ਦਾ ਦਰ'; ਜਿਵੇਂ :

(੧) ਸਤਿ ਬਚਨ ਵਰਤਹਿ 'ਹਰਿਦੁਆਰੇ' ॥੭॥੧॥੨੯॥

(ਗੌਂਡ ਅਸਟਪਦੀਆ ਮ: ੫, ਪੰਨਾ ੮੬੯)

(੨) ਨਾਨਕ ਭਗਤ ਸੋਹਹਿ 'ਹਰਿਦੁਆਰ' ॥੪॥੧॥੩੪॥

(ਰਾਮਕਲੀ ਮ: ੫, ਪੰਨਾ ੮੯੩)

(੩) ਜਿਨ ਪੂਰਾ ਸਤਿਗੁਰੁ ਸੇਵਿਆ ਸੇ ਅਸਥਿਰੁ 'ਹਰਿਦੁਆਰਿ' ॥੪॥੧॥੩੧॥

(ਬਿਲਾਵਲੁ ਮ: ੫, ਪੰਨਾ ੮੦੮)

(੪) ਸਰਨਿ ਪਰਿਓ ਨਾਨਕ 'ਹਰਿਦੁਆਰੇ' ॥੪॥੪॥

(ਵਡਹੰਸੁ ਮ: ੫, ਪੰਨਾ ੫੬੩)

(੫) ਨਾਨਕ ਨਾਮਿ ਮਿਲੈ ਵਡਿਆਈ 'ਹਰਿ ਦਰਿ' ਸੋਹਨਿ ਆਗੈ ॥੨॥੧੧॥

(ਵਡਹੰਸੁ ਕੀ ਵਾਰ ਮ: ੪, ਪੰਨਾ ੫੯੦)

(੬) 'ਹਰਿ ਦਰਿ' ਤਿਨ ਕੀ ਊਤਮ ਬਾਤ ਹੈ ਸੰਤਹੁ,
ਹਰਿ ਕਥਾ ਜਿਨ ਜਨਹੁ ਜਾਨੀ ॥ਰਹਾਉ॥੫॥੧੧॥

(ਧਨਾਸਰੀ ਮ: ੪, ਪੰਨਾ ੬੬੯)

(੭) ਜਿਨ ਜਪਿਆ ਹਰਿ ਤੇ ਮੁਕਤ ਪ੍ਰਾਣੀ,
ਤਿਨ ਕੇ ਊਜਲ ਮੁਖ 'ਹਰਿਦੁਆਰਿ' ॥੨॥੩॥

(ਤੁਖਾਰੀ ਮ: ੪ ਛੰਤ, ਪੰਨਾ ੧੧੧੫)

(ੲ) ਹੁਣ ਆਓ, ਵੇਖੀਏ, ਸ਼ਬਦ 'ਹਰਿਸਰ' ਗੁਰਬਾਣੀ ਵਿਚ ਕਿਸ ਅਰਥ ਵਿਚ ਮਿਲਦਾ ਹੈ:

(੧) ਹਉਮੈ ਮੈਲੁ ਸਭ ਉਤਰੀ ਮੇਰੀ ਜਿੰਦੁੜੀਏ,
ਹਰਿ ਅੰਮ੍ਰਿਤ 'ਹਰਿਸਰਿ' ਨਾਤੇ ਰਾਮ ॥੪॥੩॥

(ਬਿਹਾਗੜਾ ਮ: ੪, ਪੰਨਾ ੫੩੯)

(੨) 'ਹਰਿ ਚਰਣ ਸਰੋਵਰ' ਤਹ ਕਰਹੁ ਨਿਵਾਸੁ ਮਨਾ ॥
ਕਰਿ ਮਜਨੁ 'ਹਰਿਸਰੇ' ਸਭਿ ਕਿਲਬਿਖ ਨਾਸੁ ਮਨਾ ॥੧॥੨॥੫॥

(ਬਿਹਾਗੜਾ ਮ: ੫, ਪੰਨਾ ੫੪੫)

(੩) ਜਿਨਿ ਹਰਿ ਰਸੁ ਚਾਖਿਆ,
ਸਬਦਿ ਸੁਭਾਖਿਆ 'ਹਰਿਸਰਿ' ਰਹੀ ਭਰਪੂਰੇ ॥੨॥੧॥

(ਵਡਹੰਸੁ ਮ: ੩ ਛੰਤ, ਪੰਨਾ ੫੬੮)

(੪) ਤੁਮ 'ਹਰਿਸਰਵਰ' ਅਤਿ ਅਗਾਹ ਹਮ ਲਹਿ ਨ ਸਕਹਿ ਅੰਤੁ ਮਾਤੀ ॥੨॥੫॥

(ਧਨਾਸਰੀ ਮ: ੪, ਪੰਨਾ ੬੬੮)

(੫) ਹਰਿ ਰਸੁ ਚੋਗ ਚੁਗਹਿ ਪ੍ਰਭ ਭਾਵੈ ॥
'ਸਰਵਰ' ਮਹਿ ਹੰਸੁ ਪ੍ਰਾਨਪਤਿ ਪਾਵੈ ॥੧॥੧॥

(ਧਨਾਸਰੀ ਮ: ੧ ਅਸਟਪਦੀਆ, ਪੰਨਾ ੬੮੫)

(੬) ਗੁਰੁ 'ਸਰਵਰੁ' ਮਾਨਸਰੋਵਰੁ ਹੈ ਵਡਭਾਗੀ ਪੁਰਖ ਲਹੰਨ੍ਹਿ ॥੨॥੪॥੯॥

(ਸੂਹੀ ਮ: ੩ ਅਸਟਪਦੀਆ, ਪੰਨਾ ੭੫੭)

(੭) 'ਹਰਿਸਰਿ' ਨਿਰਮਲਿ ਨਾਏ ॥੨॥੧॥੩॥

(ਸੂਹੀ ਛੰਤ ਮ: ੪, ਪੰਨਾ ੭੭੪)

(੮) 'ਹਰਿ ਜਨ ਅੰਮ੍ਰਿਤ ਕੁੰਟ ਸਰ' ਨੀਕੇ ਵਡਭਾਗੀ ਤਿਤੁ ਨਾਵਾਈਐ ॥੧॥੪॥

(ਰਾਮਕਲੀ ਮ: ੪, ਪੰਨਾ ੮੮੧)

(੯) ਦੁਰਮਤਿ ਮੈਲੁ ਗਈ ਸਭ ਨੀਕਰਿ ਹਰਿ ਅੰਮ੍ਰਿਤਿ 'ਹਰਿਸਰਿ' ਨਾਤਾ ॥੧॥੨॥

(ਮਾਲੀ ਗਉੜਾ ਮ: ੪, ਪੰਨਾ ੯੮੪)

(੧੦) 'ਹਰਿਸਰੁ' ਸਾਗਰੁ ਸਦਾ ਜਲੁ ਨਿਰਮਲੁ ਨਾਵੈ ਸਹਜਿ ਸੁਭਾਈ ॥੫॥

(ਸਾਰੰਗ ਮ: ੩ ਅਸਟਪਦੀਆ, ਪੰਨਾ ੧੨੩੩)

(੧੧) 'ਹਰਿਸਰਿ ਤੀਰਥਿ' ਜਾਣਿ ਮਨੂਆ ਨਾਇਆ ॥੧੮॥

(ਮਲਾਰ ਕੀ ਵਾਰ ਮ: ੧, ਪੰਨਾ ੧੨੮੬)

ਇਹਨਾਂ ਤੁਕਾਂ ਵਿਚ ਹਰੀ ਦੇ ਚਰਨਾਂ ਨੂੰ, ਗੁਰੂ ਨੂੰ, ਅਤੇ ਸਤਸੰਗ ਨੂੰ 'ਹਰਿਸਰ' ਆਖਿਆ ਗਿਆ ਹੈ।

(ਸ) 'ਹਰਿਸਰ' ਲਫ਼ਜ਼ ਤੋਂ ਛੁੱਟ 'ਅੰਮ੍ਰਿਤਸਰ', 'ਸਤਸਰ' ਆਦਿਕ ਲਫ਼ਜ਼ ਭੀ ਇਸੇ ਹੀ ਭਾਵ ਵਿਚ ਵਰਤੇ ਗਏ ਹਨ, ਜਿਵੇਂ :

(੧) ਸਚਾ ਤੀਰਥੁ ਜਿਤੁ 'ਸਤਸਰਿ' ਨਾਵਣੁ ਗੁਰਮੁਖਿ ਆਪਿ ਬੁਝਾਏ ॥੫॥੧॥

(ਸੂਹੀ ਮ: ੩ ਅਸਟਪਦੀਆ, ਪੰਨਾ ੭੫੩)

(੨) ਗੁਰਿ 'ਅੰਮ੍ਰਿਤਸਰਿ' ਨਵਲਾਇਆ ਸਭਿ ਲਾਥੇ ਕਿਲਵਿਖ ਪੰਡੂ ॥੩॥੩॥

(ਸੂਹੀ ਮ: ੪, ਪੰਨਾ ੭੩੨)

(੩) ਤਿਨ ਮਿਲਿਆ ਮਲੁ ਸਭ ਜਾਏ 'ਸਚੈ ਸਰਿ' ਨਾਏ ਸਚੈ ਸਹਜਿ ਸੁਭਾਏ ॥੪॥੪॥

(ਵਡਹੰਸ ਮ: ੩ ਛੰਤ, ਪੰਨਾ ੫੮੫)

(੪) ਮੈਲੁ ਗਈ ਮਨੁ ਨਿਰਮਲੁ ਹੋਆ 'ਅੰਮ੍ਰਿਤਸਰਿ' ਤੀਰਥਿ ਨਾਇ ॥੨॥੪॥

(ਵਡਹੰਸ ਕੀ ਵਾਰ, ਪੰਨਾ ੫੮੭)

(੫) ਮਨੁ ਸੰਪਟੁ ਜਿਤੁ 'ਸਤਸਰਿ' ਨਾਵਣੁ ਭਾਵਨ ਪਾਤੀ ਤ੍ਰਿਪਤਿ ਕਰੇ ॥੩॥੧॥

(ਸੂਹੀ ਮ: ੧, ਪੰਨਾ ੭੨੮)

(੬) ਜਿਨ ਕਉ ਤੁਮ੍ ਹਰਿ ਮੇਲਹੁ ਸੁਆਮੀ
ਤੇ ਨਾਏ 'ਸੰਤੋਖ ਗੁਰ ਸਰਾ' ॥੪॥੩॥

(ਬਿਲਾਵਲੁ ਮ: ੪ ਘਰੁ ੩, ਪੰਨਾ ੭੯੯)

(੭) ਗੁਰੁ ਸਾਗਰੁ 'ਅੰਮ੍ਰਿਤਸਰੁ' ਜੋ ਇਛੇ ਸੋ ਫਲੁ ਪਾਏ ॥੭॥੫॥

(ਮਾਰੂ ਮ: ੧, ਪੰਨਾ ੧੦੧੨)

(੮) ਤਿਤੁ 'ਸਤ ਸਰਿ' ਮਨੂਆ ਗੁਰਮੁਖਿ ਨਾਵੈ,
ਫਿਰਿ ਬਾਹੁੜਿ ਜੋਨਿ ਨ ਪਾਇਦਾ ॥੪॥੫॥੧੭॥

(ਮਾਰੂ ਮ: ੧ ਸੋਲਹੇ, ਪੰਨਾ ੧੦੩੭)

(੯) ਬਿਖਿਆ ਮਲੁ ਜਾਇ 'ਅੰਮ੍ਰਿਤਸਰਿ' ਨਾਵਹੁ,
ਗੁਰ ਸਰ ਸੰਤੋਖੁ ਪਾਇਆ ॥੮॥੫॥੨੨॥

(ਮਾਰੂ ਮ: ੧ ਸੋਲਹੇ, ਪੰਨਾ ੧੦੪੩)

(੧੦) ਕਾਇਆ ਅੰਦਰਿ 'ਅੰਮ੍ਰਿਤਸਰੁ' ਸਾਚਾ
ਮਨੁ ਪੀਵੈ ਭਾਇ ਸੁਭਾਈ ਹੇ ॥੪॥੩॥

(ਮਾਰੂ ਮ: ੩ ਸੋਲਹੇ, ਪੰਨਾ ੧੦੪੬)

(੧੧) ਗੁਰਮੁਖਿ ਮਨੁ ਨਿਰਮਲੁ 'ਸਤਸਰਿ' ਨਾਵੈ ॥
ਮੈਲੁ ਨ ਲਾਗੈ ਸਚਿ ਸਮਾਵੈ ॥੪॥੧॥੧੫॥

(ਮਾਰੂ ਮ: ੩ ਸੋਲਹੇ, ਪੰਨਾ ੧੦੫੮)

(ਹ) ਗੁਰਮੁਖਾਂ ਦੇ ਚਰਨਾਂ ਨੂੰ 'ਗੰਗਾ' ਆਦਿਕ ਕਰੋੜਾਂ ਤੀਰਥਾਂ ਦੇ ਤੁੱਲ ਸਮਝਦੇ ਹਨ :

ਜਨ ਪਾਰਬ੍ਰਹਮ ਜਾ ਕੀ ਨਿਰਮਲ ਮਹਿਮਾ,
ਜਨ ਕੇ ਚਰਨ ਤੀਰਥ ਕੋਟਿ ਗੰਗਾ ॥
ਜਨ ਕੀ ਧੂਰਿ ਕੀਓ ਮਜਨੁ, ਨਾਨਕ,
ਜਨਮ ਜਨਮ ਕੇ ਹਰੇ ਕਲੰਗਾ ॥੨॥੪॥੧੨੦॥

(ਬਿਲਾਵਲੁ ਮ: ੫, ਪੰਨਾ ੮੨੮)

(੪) ਪਾਵਏ

'ਰਾਮਕਲੀ ਸਦੁ' ਵਿਚ ਇਸੇ ਲਫ਼ਜ਼ ਵਰਗੇ ਹੇਠ ਲਿਖੇ ਹੋਰ ਲਫ਼ਜ਼ ਆਏ ਹਨ:

ਸਮਾਵਏ — ਪਉੜੀ ੧।	ਭਾਵਏ — ਪਉੜੀ ੩।
ਮੇਲਾਵਏ — ਪਉੜੀ ੩।	ਭਾਵਏ — ਪਉੜੀ ੪।
ਪੈਨਾਵਏ — ਪਉੜੀ ੪।	ਭਾਵਏ — ਪਉੜੀ ੫।

ਇਹ ਉਪਰਲੇ ਸਾਰੇ ਸ਼ਬਦ 'ਵਰਤਮਾਨ ਕਾਲ, ਅੱਨ-ਪੁਰਖ, ਇਕ-ਵਚਨ' ਵਿਚ ਹਨ। 'ਪਾਵਹੇ', 'ਧਿਆਵਹੇ' ਬਹੁ-ਵਚਨ ਹਨ।

ਆਓ, ਹੁਣ ਇਹਨਾਂ ਦੇ ਅਰਥ ਨੂੰ ਮੁੜ ਵਿਚਾਰੀਏ:

(੧) ਗੁਰ ਸਬਦਿ ਸਮਾਵਏ—ਗੁਰੂ ਦੇ ਸ਼ਬਦ ਦੀ ਰਾਹੀਂ ਸਮਾਂਦਾ ਹੈ।

(ਪ੍ਰ:) ਕੌਣ?

(ਉ:) ਗੁਰੂ ਅਮਰਦਾਸ।

(੨) ਜਿਸੁ ਹਰਿ ਪ੍ਰਭ ਭਾਣਾ ਭਾਵਏ—ਜਿਸ ਨੂੰ ਹਰੀ ਪ੍ਰਭੂ ਦਾ ਭਾਣਾ ਭਾਉਂਦਾ ਹੈ।

(੩) ਹਰਿ ਆਪਿ ਗਲਿ ਮੇਲਾਵਏ—ਅਕਾਲ ਪੁਰਖ ਆਪ ਗਲ ਵਿਚ ਮਿਲਾ ਲੈਂਦਾ ਹੈ।

(੪) ਜਿਸੁ ਮਿਤ ਕੀ ਪੈਜ ਭਾਵਏ—ਜਿਸ ਮਨੁੱਖ ਨੂੰ ਆਪਣੇ ਮਿੱਤਰ ਦੀ ਵਡਿਆਈ (ਹੁੰਦੀ) ਭਾਉਂਦੀ ਹੈ।

(੫) ਹਰਿ ਸਤਿਗੁਰੂ ਪੈਨਾਵਏ—ਅਕਾਲ ਪੁਰਖ ਗੁਰੂ ਨੂੰ ਮਾਣ ਦੇ ਰਿਹਾ ਹੈ।

(੬) ਹਰਿ ਰੰਗੁ ਗੁਰ ਭਾਵਏ—ਅਕਾਲ ਪੁਰਖ ਦਾ ਪਿਆਰ ਗੁਰੂ ਨੂੰ ਭਾਉਂਦਾ ਹੈ।

ਕ੍ਰਿਆ ਦੇ ਇਸ ਰੂਪ ਵਾਸਤੇ ਹੋਰ ਪ੍ਰਮਾਣ:

(ੳ) **ਘਰਿ ਤ ਤੇਰੈ ਸਭੁ ਕਿਛੁ ਹੈ ਜਿਸੁ ਦੇਹਿ ਸੁ 'ਪਾਵਏ'॥**
ਸਦਾ ਸਿਫਤਿ ਸਲਾਹ ਤੇਰੀ ਨਾਮੁ ਮਨਿ 'ਵਸਾਵਏ'॥੩॥

(ਰਾਮਕਲੀ ਮ: ੩ ਅਨੰਦੁ, ਪੰਨਾ ੯੧੭)

ਪਾਵਏ—ਪਾਉਂਦਾ ਹੈ। ਵਸਾਵਏ—ਵਸਾਉਂਦਾ ਹੈ।

(ਅ) ਗੁਰ ਪਰਸਾਦੀ ਮਨੁ ਭਇਆ ਨਿਰਮਲੁ ਜਿਨਾ ਭਾਣਾ 'ਭਾਵਏ'॥
ਕਹੈ ਨਾਨਕ ਜਿਸੁ ਦੇਹਿ ਪਿਆਰੇ ਸੋਈ ਜਨੁ 'ਪਾਵਏ'॥੮॥

(ਰਾਮਕਲੀ ਮ: ੩ ਅਨੰਦੁ, ਪੰਨਾ ੯੧੮)

ਭਾਵਏ—ਭਾਉਂਦਾ ਹੈ। ਪਾਵਏ—ਪਾਉਂਦਾ ਹੈ।

(ੲ) ਮਨਹੁ ਕਿਉ ਵਿਸਾਰੀਐ ਏਵਡੁ ਦਾਤਾ ਜਿ ਅਗਨਿ ਮਹਿ ਅਹਾਰੁ 'ਪਹੁਚਾਵਏ'॥
ਓਸ ਨੋ ਕਿਹੁ ਪੋਹਿ ਨ ਸਕੀ ਜਿਸ ਨਉ ਆਪਣੀ ਲਿਵ 'ਲਾਵਏ'॥੨੯॥

(ਰਾਮਕਲੀ ਮ: ੩ ਅਨੰਦੁ, ਪੰਨਾ ੯੨੦)

ਪਹੁਚਾਵਏ—ਪਹੁੰਚਾਉਂਦਾ ਹੈ। ਲਾਵਏ—ਲਾਉਂਦਾ ਹੈ।

(ਸ) ਹਰਿ ਗਾਉ ਮੰਗਲੁ ਨਿਤ ਸਖੀਏ ਸੋਗੁ ਦੂਖੁ ਨ 'ਵਿਆਪਏ'॥
ਗੁਰ ਚਰਨ ਲਾਗੇ ਦਿਨ ਸਭਾਗੇ ਆਪਣਾ ਪਿਰੁ 'ਜਾਪਏ'॥੩੪॥

(ਰਾਮਕਲੀ ਮ: ੩ ਅਨੰਦੁ, ਪੰਨਾ ੯੨੧)

ਵਿਆਪਏ—ਵਿਆਪਦਾ ਹੈ। ਜਾਪਏ—ਜਾਪਦਾ ਹੈ, ਦਿੱਸ ਪੈਂਦਾ ਹੈ।

(ਹ) ਭਗਤਿ ਕਰਹੁ ਤੁਮ ਸਹੈ ਕੇਰੀ ਜੋ ਸਹ ਪਿਆਰੇ 'ਭਾਵਏ'॥
ਆਪਣਾ ਭਾਣਾ ਤੁਮ ਕਰਹੁ ਤਾ ਫਿਰਿ ਸਹ ਖੁਸੀ ਨ 'ਆਵਏ'॥
ਭਗਤਿ ਭਾਵ ਇਹੁ ਮਾਰਗੁ ਬਿਖੜਾ ਗੁਰ ਦੁਆਰੈ ਕੋ 'ਪਾਵਏ'॥
ਕਹੈ ਨਾਨਕੁ ਜਿਸੁ ਕਰੇ ਕਿਰਪਾ ਸੋ ਹਰਿ ਭਗਤਿ ਚਿਤੁ 'ਲਾਵਏ'॥੧॥.....
ਕਰਿ ਬੈਰਾਗੁ ਤੂੰ ਛੋਡਿ ਪਾਖੰਡੁ ਸੋ ਸਹੁ ਸਭੁ ਕਿਛੁ 'ਜਾਣਏ'॥
ਜਲਿ ਥਲਿ ਮਹੀਅਲਿ ਏਕੋ ਸੋਈ ਗੁਰਮੁਖਿ ਹੁਕਮੁ 'ਪਛਾਣਏ'॥
ਜਿਨਿ ਹੁਕਮੁ ਪਛਾਤਾ ਹਰੀ ਕੇਰਾ ਸੋਈ ਸਰਬ ਸੁਖ 'ਪਾਵਏ'॥
ਇਵ ਕਹੈ ਨਾਨਕੁ ਸੋ ਬੈਰਾਗੀ ਅਨਦਿਨੁ ਹਰਿ ਲਿਵ 'ਲਾਵਏ'॥੨॥੨॥੭॥੫॥੨॥੭॥

(ਆਸਾ ਮ: ੩ ਛੰਤ ਘਰੁ ੩, ਪੰਨਾ ੪੪੦)

ਭਾਵਏ—ਭਾਉਂਦਾ ਹੈ। ਆਵਏ—ਆਉਂਦਾ ਹੈ।
ਪਾਵਏ—ਪਾਉਂਦਾ ਹੈ। ਲਾਵਏ—ਲਾਉਂਦਾ ਹੈ।
ਜਾਣਏ—ਜਾਣਦਾ ਹੈ। ਪਛਾਣਏ—ਪਛਾਣਦਾ ਹੈ।

ਇਸੇ ਤਰ੍ਹਾਂ :

(੭) ਹਰਿ ਸਰਿ 'ਪਾਵਏ'—(ਗੁਰੂ ਅਮਰਦਾਸ) ਹਰੀ ਦੇ ਸਰੋਵਰ ਵਿਚ, ਭਾਵ, ਸਤਸੰਗਤਿ ਵਿਚ 'ਪਾਉਂਦਾ' ਹੈ।

(ਪ੍ਰ:) ਕੀ ?

(ੳ:) ਪਿੰਡੁ ਪਤਲਿ ਕਿਰਿਆ ਦੀਵਾ ਫੁਲ—ਇਹ ਸਭ ਕੁਝ।

ਨੋਟ : ਇਥੇ ਪਾਠਕ ਸੱਜਣਾਂ ਦੇ ਚੇਤੇ ਵਾਸਤੇ ਇਹ ਸੂਚਨਾ ਜ਼ਰੂਰੀ ਹੈ ਕਿ 'ਹਰਿਦੁਆਰ' ਵਿਚ ਫੁੱਲ ਪਾਣ ਵਾਲੇ ਸੱਜਣ ਪਿੰਡੁ ਪਤਲਿ ਦੀਵਾ ਹਰਿਦੁਆਰ ਨਹੀਂ ਲੈ ਜਾਂਦੇ, 'ਕੇਵਲ ਫੁੱਲ' ਖੜਦੇ ਹਨ।

ਇਕ ਹੋਰ ਗੱਲ ਵੱਲ ਵੀ ਧਿਆਨ ਦੇਣ ਦੀ ਲੋੜ ਹੈ। 'ਕਿਰਿਆ' ਕਿਸੇ ਚੀਜ਼ ਦਾ ਨਾਮ ਨਹੀਂ, ਜੋ 'ਹਰਿਦੁਆਰ' ਵਿਚ ਪਾਈ ਜਾ ਸਕੇ। ਪਰ ਸਤਿਗੁਰੂ ਅਮਰਦਾਸ ਇਹਨਾਂ ਸਭਨਾਂ ਨੂੰ 'ਸਤਸੰਗਤਿ' ਵਿਚ ਪਾਉਂਦਾ ਹੈ, ਭਾਵ, ਇਹਨਾਂ ਸਭਨਾਂ ਨੂੰ ਸਤਸੰਗ ਤੋਂ ਸਦਕੇ ਕਰਦਾ ਹੈ, ਸਭ ਨਾਲੋਂ ਸਤਸੰਗ ਕਰਨ ਨੂੰ ਸ੍ਰੇਸ਼ਟ ਸਮਝਦਾ ਹੈ।

ਅਰਥ : ਜੋਤੀ ਜੋਤਿ ਸਮਾਣ ਵੇਲੇ ਗੁਰੂ ਅਮਰਦਾਸ ਜੀ ਨੇ ਆਖਿਆ—(ਹੇ ਭਾਈ!) ਮੇਰੇ ਪਿਛੋਂ ਨਿਰੋਲ ਕੀਰਤਨ ਕਰਿਓ, ਕੇਸੋ ਗੋਪਾਲ (ਅਕਾਲ ਪੁਰਖ) ਦੇ ਪੰਡਿਤਾਂ ਨੂੰ ਸੱਦ ਘੱਲਿਓ, ਜੋ (ਆ ਕੇ) ਅਕਾਲ ਪੁਰਖ ਦੀ ਕਥਾ ਵਾਰਤਾ ਰੂਪ ਪੁਰਾਣ ਪੜ੍ਹਨ। (ਚੇਤਾ ਰੱਖਿਓ, ਮੇਰੇ ਪਿਛੋਂ) ਅਕਾਲ ਪੁਰਖ ਦੀ ਕਥਾ (ਹੀ) ਪੜ੍ਹਨੀ ਚਾਹੀਦੀ ਹੈ, ਅਕਾਲ ਪੁਰਖ ਦਾ ਨਾਮ ਹੀ ਸੁਣਨਾ ਚਾਹੀਦਾ ਹੈ, ਬੇਬਾਣ ਭੀ ਗੁਰੂ ਨੂੰ (ਕੇਵਲ) ਅਕਾਲ ਪੁਰਖ ਦਾ ਪਿਆਰ ਹੀ ਚੰਗਾ ਲੱਗਦਾ ਹੈ, ਗੁਰੂ (ਤਾਂ) ਪਿੰਡ ਪਤਲਿ, ਕਿਰਿਆ ਦੀਵਾ ਅਤੇ ਫੁੱਲ—ਇਹਨਾਂ ਸਭਨਾਂ ਨੂੰ ਸਤਸੰਗ ਤੋਂ ਸਦਕੇ ਕਰਦਾ ਹੈ। ਅਕਾਲ ਪੁਰਖ ਨੂੰ ਪਿਆਰੇ ਲੱਗੇ ਹੋਏ ਗੁਰੂ ਨੇ (ਉਸ ਵੇਲੇ) ਇਉਂ ਆਖਿਆ।

ਸਤਿਗੁਰੂ ਨੂੰ ਸੁਜਾਣ ਅਕਾਲ ਪੁਰਖ ਮਿਲ ਪਿਆ। ਗੁਰੂ ਅਮਰਦਾਸ ਜੀ ਨੇ ਸੋਢੀ (ਗੁਰੂ) ਰਾਮਦਾਸ ਜੀ ਨੂੰ (ਗੁਰਿਆਈ ਦਾ) ਤਿਲਕ (ਅਤੇ) ਗੁਰੂ ਦਾ ਸ਼ਬਦ ਰੂਪ ਸੱਚੀ ਰਾਹਦਾਰੀ ਬਖ਼ਸ਼ੀ।੫।

ਨੋਟ : ਸ਼ਬਦ 'ਪੰਡਿਤ' ਸੰਬੰਧੀ ਇਕ ਗੱਲ ਹੋਰ ਭੀ ਚੇਤੇ ਰੱਖਣ ਵਾਲੀ ਹੈ। ਹਿੰਦੂ ਮੱਤ ਅਨੁਸਾਰ ਹਰੇਕ ਹਿੰਦੂ ਨੂੰ 'ਪੰਡਿਤ' ਦੀ ਲੋੜ ਸਾਰੀ ਜ਼ਿੰਦਗੀ ਵਿਚ ਦੋ ਵਾਰੀ ਪੈਂਦੀ ਹੈ : ਵਿਆਹ ਵੇਲੇ ਅਤੇ ਮਰਨ ਪਿਛੋਂ 'ਕਿਰਿਆ' ਆਦਿਕ ਵੇਲੇ। ਕਈ ਅਮੀਰ ਲੋਕ ਬਾਲਕ ਜਨਮਣ 'ਤੇ ਭੀ 'ਪੰਡਿਤ' ਪਾਸੋਂ ਜਨਮ-ਪੱਤ੍ਰੀ ਆਦਿਕ ਬਣਵਾਂਦੇ ਹਨ, ਪਰ ਇਸ ਤੋਂ ਬਿਨਾਂ ਭੀ ਕੰਮ ਸਰ ਸਕਦਾ ਹੈ, ਵਿਆਹ ਅਤੇ ਮਰਨਾ 'ਪੰਡਿਤ' ਤੋਂ ਬਿਨਾਂ ਨਹੀਂ ਹੋ ਸਕਦਾ।

ਹਿੰਦੂ ਮੱਤ ਨੂੰ ਲੈ ਕੇ, ਸਤਿਗੁਰੂ ਜੀ ਨੇ ਭੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਪਣੇ ਅਕਾਲ ਪੁਰਖ ਦੇ ਪੰਡਿਤਾਂ (ਭਾਵ, ਗੁਰਮੁਖ-ਸਤਸੰਗੀਆਂ) ਦਾ

ਵਿਚੋਲਾ-ਪਨ ਦੱਸਿਆ ਹੈ। ਮਰਨ ਵੇਲੇ ਦਾ ਜ਼ਿਕਰ ਤਾਂ ਇਸ ਸੱਦ ਵਿਚ ਆ ਗਿਆ ਹੈ। 'ਆਤਮਕ ਵਿਆਹ' ਦਾ ਜ਼ਿਕਰ ਭੀ ਇਸੇ ਤਰ੍ਹਾਂ ਇਉਂ ਮਿਲਦਾ ਹੈ :

> **ਆਇਆ ਲਗਨੁ ਗਣਾਇ ਹਿਰਦੈ ਧਨ ਓਮਾਹੀਆ ਬਲਿ ਰਾਮ ਜੀਉ ॥**
> **'ਪੰਡਿਤ ਪਾਧੇ' ਆਣਿ ਪਤੀ ਬਹਿ ਵਾਚਾਈਆ ਬਲਿ ਰਾਮ ਜੀਉ ॥**
> **ਪਤੀ ਵਾਚਾਈ ਮਨਿ ਵਜੀ ਵਧਾਈ ਜਬ ਸਾਜਨ ਸੁਣੇ ਘਰਿ ਆਏ ॥**
> **ਗੁਣੀ ਗਿਆਨੀ ਬਹਿ ਮਤਾ ਪਕਾਇਆ ਫੇਰੇ ਤਤੁ ਦਿਵਾਏ ॥**
> **ਵਰੁ ਪਾਇਆ ਪੁਰਖੁ ਅਗੰਮੁ ਅਗੋਚਰੁ ਸਦ ਨਵਤਨੁ ਬਾਲ ਸਖਾਈ ॥**
> **ਨਾਨਕ ਕਿਰਪਾ ਕਰਿ ਕੈ ਮੇਲੇ ਵਿਛੁੜਿ ਕਦੇ ਨ ਜਾਈ ॥੪॥੧॥**

(ਸੂਹੀ ਮ: ੪ ਛੰਤ ਘਰੁ ੧, ਪੰਨਾ ੭੭੩)

ਇਥੇ ਪਰਤੱਖ ਤੌਰ 'ਤੇ 'ਪੰਡਿਤ' ਤੋਂ ਭਾਵ 'ਗੁਰਮੁਖਿ-ਜਨ' ਹੈ। ਬੱਸ! ਸਾਰੀ ਬਾਨੀ ਵਿਚ ਕੇਵਲ ਇਨ੍ਹੀਂ ਦੋਹੀਂ ਥਾਈਂ 'ਰੱਬੀ ਪੰਡਿਤਾਂ' ਦਾ ਜ਼ਿਕਰ ਆਇਆ ਹੈ।

ਸਤਿਗੁਰੁ ਪੁਰਖੁ ਜਿ ਬੋਲਿਆ,
ਗੁਰਸਿਖਾ ਮੰਨਿ ਲਈ ਰਜਾਇ ਜੀਉ ॥
ਮੋਹਰੀ ਪੁਤੁ ਸਨਮੁਖੁ ਹੋਇਆ,
ਰਾਮਦਾਸੈ ਪੈਰੀ ਪਾਇ ਜੀਉ ॥
ਸਭ ਪਵੈ ਪੈਰੀ ਸਤਿਗੁਰੂ ਕੇਰੀ,
ਜਿਥੈ ਗੁਰੂ ਆਪੁ ਰਖਿਆ ॥
ਕੋਈ ਕਰਿ ਬਖੀਲੀ ਨਿਵੈ ਨਾਹੀ,
ਫਿਰਿ ਸਤਿਗੁਰੂ ਆਣਿ ਨਿਵਾਇਆ ॥
ਹਰਿ ਗੁਰਹਿ ਭਾਣਾ ਦੀਈ ਵਡਿਆਈ,
ਧੁਰਿ ਲਿਖਿਆ ਲੇਖੁ ਰਜਾਇ ਜੀਉ ॥
ਕਹੈ ਸੁੰਦਰੁ ਸੁਣਹੁ ਸੰਤਹੁ,
ਸਭੁ ਜਗਤੁ ਪੈਰੀ ਪਾਇ ਜੀਉ ॥੬॥੧॥

ਪਦ ਅਰਥ : ਸਤਿਗੁਰੁ ਪੁਰਖੁ—ਪੂਰਾ ਗੁਰੂ ਅਮਰਦਾਸ। ਰਜਾਇ—(ਗੁਰੂ ਦਾ) ਹੁਕਮ। ਰਾਮਦਾਸੈ ਪੈਰੀ—ਗੁਰੂ ਰਾਮਦਾਸ ਜੀ ਦੇ ਚਰਨਾਂ 'ਤੇ। ਪਾਇ—ਪੈ

ਕੇ। ਸਨਮੁਖੁ ਹੋਇਆ—(ਗੁਰੂ ਅਮਰਦਾਸ ਜੀ ਦੇ) ਸਾਮ੍ਹਣੇ ਸੁਰਖ਼ਰੂ ਹੋ ਕੇ ਖਲੋਤਾ। ਸਭ—ਸਾਰੀ ਲੋਕਾਈ। ਕੇਰੀ—ਦੀ। ਸਤਿਗੁਰੂ ਕੇਰੀ—ਗੁਰੂ ਰਾਮਦਾਸ ਜੀ ਦੀ। ਜਿਥੈ—ਕਿਉਂਕਿ ਓਥੇ, ਕਿਉਂਕਿ ਗੁਰੂ ਰਾਮਦਾਸ ਜੀ ਵਿਚ। ਆਪੁ—(ਗੁਰੂ ਅਮਰਦਾਸ ਜੀ ਨੇ) ਆਪਣੇ ਆਪ ਨੂੰ, ਆਪਣਾ ਆਤਮਾ। ਬਖੀਲੀ—ਨਿੰਦਾ। ਆਣਿ—ਲਿਆ ਕੇ। ਗੁਰਹਿ ਭਾਣਾ—ਗੁਰੂ (ਅਮਰਦਾਸ ਜੀ ਨੂੰ) ਚੰਗਾ ਲੱਗਾ। ਦੀਈ—ਦਿਤੀ (ਗੁਰੂ ਰਾਮਦਾਸ ਜੀ ਨੂੰ)। ਲੇਖੁ ਰਜਾਇ—ਅਕਾਲ ਪੁਰਖ ਦਾ ਹੁਕਮ। ਪੈਰੀ ਪਾਇ—(ਗੁਰੂ ਰਾਮਦਾਸ ਜੀ ਦੇ) ਪੈਰਾਂ ਉਤੇ ਪਿਆ।੬।੧।

ਅਰਥ : ਜਦੋਂ ਗੁਰੂ ਅਮਰਦਾਸ ਜੀ ਨੇ ਬਚਨ ਕੀਤਾ (ਕਿ ਸਾਰੇ ਗੁਰੂ ਰਾਮਦਾਸ ਜੀ ਦੇ ਚਰਨੀਂ ਲੱਗਣ, ਤਾਂ) ਗੁਰਸਿੱਖਾਂ ਨੇ (ਗੁਰੂ ਅਮਰਦਾਸ ਜੀ ਦਾ) ਹੁਕਮ ਮੰਨ ਲਿਆ। (ਸਭ ਤੋਂ ਪਹਿਲਾਂ) (ਗੁਰੂ ਅਮਰਦਾਸ ਜੀ ਦੇ) ਪੁੱਤਰ (ਬਾਬਾ) ਮੋਹਰੀ ਜੀ ਗੁਰੂ ਰਾਮਦਾਸ ਜੀ ਦੇ ਪੈਰਾਂ 'ਤੇ ਪੈ ਕੇ (ਪਿਤਾ ਦੇ) ਸਾਹਮਣੇ ਸੁਰਖ਼ਰੂ ਹੋ ਕੇ ਆ ਖਲੋਤੇ। ਗੁਰੂ ਰਾਮਦਾਸ ਜੀ ਵਿਚ ਗੁਰੂ (ਅਮਰਦਾਸ ਜੀ) ਨੇ ਆਪਣੀ ਆਤਮਾ ਟਿਕਾ ਦਿੱਤੀ, (ਇਸ ਵਾਸਤੇ) ਸਾਰੀ ਲੋਕਾਈ ਗੁਰੂ (ਰਾਮਦਾਸ ਜੀ) ਦੇ ਪੈਰੀਂ ਆ ਪਈ। ਜੇ ਕੋਈ ਨਿੰਦਾ ਕਰ ਕੇ (ਪਹਿਲਾਂ) ਨਹੀਂ ਭੀ ਸੀ ਨਿੰਵਿਆ, ਉਸ੍ਹ ਨੂੰ ਗੁਰੂ ਅਮਰਦਾਸ ਜੀ ਨੇ ਲਿਆ ਕੇ ਆ ਪੈਰੀਂ ਪਾਇਆ।

ਸੁੰਦਰ ਆਖਦਾ ਹੈ—ਹੇ ਸੰਤਹੁ ! ਸੁਣੋ, ਅਕਾਲ ਪੁਰਖ ਅਤੇ ਗੁਰੂ ਅਮਰਦਾਸ ਜੀ ਨੂੰ ਇਹੀ ਚੰਗਾ ਲੱਗਾ, (ਉਹਨਾਂ ਗੁਰੂ ਰਾਮਦਾਸ ਜੀ ਨੂੰ) ਵਡਿਆਈ ਬਖ਼ਸ਼ੀ, ਧੁਰੋਂ ਅਕਾਲ ਪੁਰਖ ਦਾ ਇਹੀ ਹੁਕਮ ਲਿਖਿਆ ਆਇਆ ਸੀ, (ਇਸ ਵਾਸਤੇ) ਸਾਰਾ ਜਗਤ (ਗੁਰੂ ਰਾਮਦਾਸ ਜੀ ਦੀ) ਪੈਰੀਂ ਪਿਆ॥੬॥੧॥

✪